



# ਕੈਨੇਡਾ ਪੰਜਾਬ ਲਿੰਕ


WEEKLY NEWSPAPER VOL. : 09 ISSUE : 11 SATURDAY, 13 MARCH, 2021

www.punjablinkpaper.com 604-503-5465






# ਕੋਵਿਡ-19-ਟੀਕਾਕਰਣ ਬੁਕਿੰਗ ਸ਼ੁਰੂ ਪਹਿਲੇ ਦਿਨ ਫ਼ੋਨ ਲਾਈਨਾਂ ਜਾਮ ਹੋਈਆਂ




## ਪਹਿਲੇ ਦਿਨ 1.7 ਮਿਲੀਅਨ ਕਾਲਾਂ ਆਈਆਂ






ਵਿਕਟੋਰੀਆ-ਕੋਵਿਡ-19 ਟੀਕਾਕਰਣ ਬੁਕਿੰਗ ਦੇ ਪਹਿਲੇ ਦਿਨ ਵਿਅਸਤ ਹੋਣ ਕਾਰਨ ਟੈਲੀਫੋਨ ਲਾਈਨਾਂ ਜਾਮ ਹੋ ਗਈਆਂ। ਬਹੁਤ ਸਾਰੇ ਲੋਕਾਂ ਨੇ ਦੱਸਿਆ ਕਿ ਬੁਕਿੰਗ ਪ੍ਰਕਿਰਿਆ ਲਈ ਉਨ੍ਹਾਂ ਦਾ ਫੋਨ ਨਹੀਂ ਸੀ ਮਿਲ ਰਿਹਾ ਜਾਂ ਕੱਟਿਆ ਜਾਂਦਾ ਸੀ। ਪਹਿਲੇ ਦਿਨ ਹੀ ਬੀ ਸੀ ਦੇ ਕੋਵਿਡ-19 ਟੀਕਾਕਰੁਣ ਲਈ ਲਗਪਗ 1.7 ਮਿਲੀਅਨ ਟੈਲੀਫੋਨ ਕਾਲਾਂ ਦਾ ਹੜ੍ਹ ਆ ਗਿਆ ਅਤੇ ਇਹ ਹੈਲਥ ਅਧਿਕਾਰੀਆਂ ਦੀ ਫੋਨ ਪ੍ਰਣਾਲੀ 'ਤੇ ਭਾਰੀ ਪੈ ਗਈਆਂ। ਬਹੁਤ ਸਾਰੇ ਲੋਕਾਂ ਨੇ ਫੋਨ ਲਾਈਨਾਂ ਜਾਮ ਹੋਣ ਅਤੇ ਫਰੇਜ਼ਰ ਹੈਲਥ ਅਤੇ ਵੈਨਕੂਵਰ ਕੋਸਟਲ ਹੈਲਥ ਨੂੰ ਫੋਨ ਕਰਨ ਲਈ ਲੰਬਾ ਸਮਾਂ ਉਡੀਕ ਕਰਨੀ ਪਈ। ਹੋਰਨਾਂ ਨੇ ਫਰੇਜ਼ਰ ਹੈਲਥ ਦੀ ਆਨਲਾਈਨ ਬੁਕਿੰਗ ਸਾਈਟ ਨੂੰ ਸਫਲ ਦੱਸਿਆ ਪਰ ਇਹ ਵੀ ਵਿਚ ਵਿਚ ਸਮੱਸਿਆਵਾਂ ਨਾਲ ਪ੍ਰਭਾਵਤ ਹੁੰਦੀ ਰਹੀ। ਮੌਜੂਦਾ ਸਮੇਂ 90 ਸਾਲ ਦੇ ਬਜ਼ੁਰਗਾਂ ਅਤੇ 65 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਵਦੇਸ਼ੀ ਲੋਕ ਹੀ ਬੁਕਿੰਗ ਲਈ ਯੋਗ ਹਨ। ਸਿਹਤ ਮੰਤਰੀ ਐਂਡਰੀਅਨ ਡਿਕਸ ਨੇ ਕਿਹਾ ਕਿ ਲਗਪਗ 47000 ਬੀਸੀ ਵਾਸੀ 90 ਸਾਲ ਜਾਂ ਇਸ ਤੋਂ ਜ਼ਿਆਦਾ ਉਮਰ ਦੇ ਹਨ ਅਤੇ 35000 ਤੋਂ ਵੀ ਵੱਧ ਸਵਦੇਸ਼ੀ 65 ਸਾਲ ਤੋਂ ਜ਼ਿਆਦਾ ਉਮਰ ਦੇ ਹਨ। ਮੰਤਰੀ ਨੇ ਕਿਹਾ ਕਿ ਇਨ੍ਹਾਂ ਉਮਰਾਂ ਤੋਂ ਬਾਹਰ ਆਉਂਦੇ ਲੋਕ ਸ਼ਾਇਦ ਆਪਣੀ ਵਾਰੀ ਤੋਂ ਪਹਿਲਾਂ ਫੋਨ ਕਰਦੇ ਹੋ ਸਕਦੇ ਹਨ। ਉਨ੍ਹਾਂ ਇਕ ਪ੍ਰੈਸ ਕਾਨਫਰੰਸ ਵਿਚ ਲੋਕਾਂ ਨੂੰ ਅਪੀਲ ਕੀਤੀ ਜਿਹੜੇ ਅਜੇ ਯੋਗ ਨਹੀਂ ਜਾਂ ਜਿਹੜੇ ਕਿਸੇ ਯੋਗ ਵਿਅਕਤੀ ਦੀ ਤਰਫੋਂ ਫੋਨ ਨਹੀਂ ਕਰ ਰਹੇ ਨੂੰ ਫੋਨ ਨਹੀਂ ਕਰਨਾ ਚਾਹੀਦਾ।

## ਯੂਨੀਵਰਸਿਟੀਆਂ ਤੇ ਕਾਲਜਾਂ ਦੇ ਸਤੰਬਰ 'ਚ ਪੂਰੀ ਤਰ੍ਹਾਂ ਖੁੱਲ੍ਹਣ ਦੀ ਆਸ

ਵਿਕਟੋਰੀਆ-ਸੂਬਾ ਸਿਹਤ ਅਫਸਰ ਵਲੋਂ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਲਿਖਤੀ ਰੂਪ ਵਿਚ ਇਹ ਦੱਸਣ ਕਿ ਉਹ ਸਤੰਬਰ ਵਿਚ ਆਨ-ਕੈਂਪਸ ਸਿੱਖਿਆ ਲਈ ਮੁਕੰਮਲ ਵਾਪਸੀ ਵਾਸਤੇ ਯੋਜਨਾ ਬਣਾਉਣੀ ਸ਼ੁਰੂ ਕਰ ਦੇਣ, ਪਿੱਛੋਂ ਇਸ ਹਫ਼ਤੇ ਬੀਸੀ ਦੀਆਂ ਪੋਸਟ ਸੈਕੰਡਰੀ ਸੰਸਥਾਵਾਂ ਦੇ ਨੇਤਾਵਾਂ ਕੋਲੋਂ ਰਾਹਤ ਤੇ ਆਸ਼ਾਵਾਦੀ ਸ਼ਬਦ ਸੁਣੇ ਜਾ ਸਕਦੇ ਹਨ। ਲੰਗਾਰਾ ਕਾਲਜ ਦੇ ਪ੍ਰਧਾਨ ਤੇ ਸੀਈਓ ਲੇਨ ਟਰੋਟਰ ਜਿਹੜੇ ਲਿਖਤੀ ਬਿਆਨ ਵਿਚ ਆਪਣੀ ਵਿਦਿਆਰਥੀਆਂ ਨੂੰ ਖ਼ਬਰਾਂ ਬਾਰੇ ਦੱਸਦੇ ਹਨ ਨੇ ਕਿਹਾ ਕਿ ਕਲਾਸਰੂਮਾਂ ਵਿਚ ਵਾਪਸੀ ਨਾਲ ਸਮੂਹਿਕ ਤੰਦਰੁਸਤੀ ਦਾ ਵਧੇਰੇ ਲਾਭ ਹੋਣਾ ਚਾਹੀਦਾ ਹੈ। ਟਰੋਟਰ ਨੇ ਦੱਸਿਆ ਕਿ ਹਾਲਾਂ ਕਿ ਅਨਿਸ਼ਚਤਤਾ ਅਜੇ ਵੀ ਬਣੀ ਹੋਈ ਹੈ ਪਰ ਅਸੀਂ ਛੇਤੀ ਹੀ ਮੁੜ ਤੋਂ ਸੁਰੱਖਿਅਤ ਇਕੱਠੇ ਹੋਣ ਦੀ ਯੋਜਨਾ ਬਣਾ ਕੇ ਖੁਸ਼ ਹਾਂ। ਡਾ. ਬੋਨੀ ਹੈਨਰੀ ਨੇ ਪੋਸਟ ਸੈਕੰਡਰੀ ਸੰਸਥਾਵਾਂ ਦੇ ਮੁੱਖੀਆਂ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਨੌਜਵਾਨ ਬਾਲਗਾਂ ਦਾ ਟੀਕਾਕਰਣ ਜੁਲਾਈ ਦੇ ਅਖੀਰ ਤੋਂ ਲੇਟ ਹੋਣ ਦੀ ਆਸ ਨਹੀਂ, ਇਸ ਲਈ ਹੁਣ ਉਨ੍ਹਾਂ ਦੀ ਵਾਪਸੀ ਦੀ ਯੋਜਨਾ ਬਣਾਉਣ ਦਾ ਸਮਾਂ ਹੈ।






























S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*



**" Simpson, Thomas & Associates are a legal dream team. No other law firm could have fought this claim as it takes a lot of resources to fight a case of this nature. "**

**– Former client commenting on the Jago wedding tragedy**

# B.C.'s Pioneering Law Firm for Motor Vehicle Cases

For over 50 years Simpson, Thomas & Associates (formerly Simpson & Company) have been advocates for victims seeking justice.

A+ Rated BBB ACCREDITED BUSINESS

**" Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved. "**

**– B.Sekhon**

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

**Call Adam on 604-689-8888 to set up a complimentary consultation or visit our website at simpsonthomas.com**

We have offices in Vancouver, Surrey/Delta, Abbotsford* and Burnaby.*
*By appointment only

**Caring. Compassionate. Community-Focussed.**

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 09 ISSUE: 11 SATURDAY, 13 MARCH, 2021
www.punjablinkpaper.com 604-503-5465

Harbir Kaur Deol
Notary Public
- Statutory Declarations
- Travel Consent Letters
- Power of Attorney
- Invitation Letters
- Sales & Purchase
- Family Transfer
- Wills & Estate
- Refinancing
- Affidavits
604.503.3060
#110 - 13049 76th Ave., Surrey
BC Notaries info@deolnotary.com

## ਮਮਤਾ ਬੈਨਰਜੀ ਫੱਟੜ ਹੋਣ ਮਗਰੋਂ ਹਸਪਤਾਲ ਦਾਖ਼ਲ



### ਮਮਤਾ ਨੇ ਸਮਰਥਕਾਂ ਨੂੰ ਸ਼ਾਂਤੀ ਬਰਕਰਾਰ ਰੱਖਣ ਦੀ ਕੀਤੀ ਅਪੀਲ

ਕੋਲਕਾਤਾ-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ਨੰਦੀਗ੍ਰਾਮ ਵਿਚ ਚੋਣ ਪ੍ਰਚਾਰ ਦੌਰਾਨ ਉਸ ਨੂੰ ਕਿਸੇ ਨੇ ਧੱਕਾ ਮਾਰਿਆ ਤੇ ਇਸ ਕਾਰਨ ਉਹ ਜ਼ਖ਼ਮੀ ਹੋ ਗਈ। ਘਟਨਾ ਸ਼ਾਮ ਨੂੰ ਉਸ ਵੇਲੇ ਵਾਪਰੀ ਜਦ ਉਹ ਨੰਦੀਗ੍ਰਾਮ ਵਿਚ ਇਕ ਮੰਦਰ ਦੇ ਬਾਹਰ ਸੀ। ਮਮਤਾ ਨੇ ਕਿਹਾ 'ਮੈਂ ਆਪਣੀ ਕਾਰ ਦੇ ਬਾਹਰ ਦਰਵਾਜ਼ਾ ਖੋਲ੍ਹ ਕੇ ਖੜ੍ਹੀ ਸੀ ਤੇ ਮੰਦਰ ਵਿਚ ਪ੍ਰਾਰਥਨਾ ਲਈ ਜਾਣ ਲੱਗੀ ਸੀ। ਇਸੇ ਦੌਰਾਨ ਕੁਝ ਲੋਕ ਆਏ ਤੇ ਕਾਰ ਦਾ ਦਰਵਾਜ਼ਾ ਧੱਕ ਦਿੱਤਾ। ਇਸ ਨਾਲ ਲੱਤ ਉਤੇ ਸੱਟ ਵੱਜੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੱਤ ਸੁੱਜ ਗਈ ਅਤੇ ਚੱਲਣ ਲਈ ਸਹਾਰਾ ਲੈਣਾ ਪਿਆ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਘਟਨਾ ਵਾਪਰੀ ਉਦੋਂ ਸਥਾਨਕ ਪੁਲੀਸ ਦਾ ਕੋਈ ਵੀ ਮੁਲਾਜ਼ਮ ਮੌਜੂਦ ਨਹੀਂ ਸੀ। ਨੰਦੀਗ੍ਰਾਮ ਤੋਂ ਟੀ ਐੱਮ ਸੀ ਦੀ ਉਮੀਦਵਾਰ ਮਮਤਾ ਨੇ ਇਸ ਨੂੰ 'ਸਾਜ਼ਿਸ਼' ਅਤੇ 'ਹਮਲਾ' *(ਬਾਕੀ ਸਫ਼ਾ 8 'ਤੇ)*

# ਹਰਿਆਣਾ ਦੀ ਖੱਟਰ ਸਰਕਾਰ ਨੇ ਭਰੋਸੇ ਦਾ ਵੋਟ ਜਿੱਤਿਆ

## ਸਰਕਾਰ ਦੇ ਹੱਕ ਵਿਚ 55 ਤੇ ਵਿਰੋਧ ਵਿਚ 32 ਮੈਂਬਰ ਸਾਹਮਣੇ ਆਏ

ਨਵੀਂ ਦਿੱਲੀ-ਹਰਿਆਣਾ ਕਾਂਗਰਸ ਵੱਲੋਂ ਸੂਬੇ ਦੀ ਮਨੋਹਰ ਲਾਲ ਖੱਟਰ ਸਰਕਾਰ ਖ਼ਿਲਾਫ਼ 10 ਮਾਰਚ ਨੂੰ ਪੇਸ਼ ਕੀਤਾ ਗਿਆ ਬੇਭਰੋਸਗੀ ਮਤਾ ਅਸਫਲ ਰਿਹਾ। 90 ਮੈਂਬਰੀ ਵਿਧਾਨ ਸਭਾ ਵਿਚ ਖੱਟਰ ਸਰਕਾਰ ਨੂੰ ਬਹੁਮਤ ਸਾਬਿਤ ਕਰਨ ਲਈ 45 ਮੈਂਬਰਾਂ ਦੀ ਜ਼ਰੂਰਤ ਸੀ ਪਰ ਉਹ ਵੋਟਿੰਗ ਦੌਰਾਨ 55 ਵੋਟਾਂ ਲਿਜਾਣ ਵਿਚ ਸਫਲ ਰਹੇ। ਕਾਂਗਰਸ ਦੇ 30 ਮੈਂਬਰਾਂ ਤੋ ਇਲਾਵਾ ਕੇਵਲ ਦੋ ਹੋਰ ਆਜਾਦ ਮੈਂਬਰ ਹੀ ਮਤੇ ਦੇ ਹੱਕ ਵਿਚ ਸਾਹਮਣੇ ਆਏ। ਭਾਜਪਾ ਦੇ 39 ਮੈਂਬਰਾਂ ਸਮੇਤ ਉਪ ਮੁੱਖ ਮੰਤਰੀ ਦੁਸ਼ਅੰਤ ਚੌਟਾਲਾ ਦੀ ਜਨਨਾਇਕ ਜਨਤਾ ਪਾਰਟੀ ਦੇ 10 ਅਤੇ ਹਰਿਆਣਾ ਲੋਕਹਿਤ ਪਾਰਟੀ ਦੇ ਇਕ ਮੈਂਬਰ ਨੇ ਸਰਕਾਰ ਦੇ ਹੱਕ ਵਿਚ ਖੜੇ ਹੋਕੇ ਵੋਟ ਪਾਈ ਜਦੋਕਿ ਕਾਂਗਰਸ ਦੇ 30 ਮੈਂਬਰਾਂ ਨਾਲ ਉਹ ਦੋ ਆਜਾਦ ਮੈਂਬਰ ਖੜੇ ਹੋਏ ਜਿਹਨਾਂ ਨੇ ਪਹਿਲਾਂ ਸਰਕਾਰ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਸੀ। ਉਧਰ ਦਿੱਲੀ ਦੇ ਮੋਰਚਿਆਂ ਉੱਪਰ ਬੈਠੇ ਹਜ਼ਾਰਾਂ ਕਿਸਾਨਾਂ ਦੀ ਨਜ਼ਰ ਟਿਕੀ ਹਰਿਆਣਾ ਸਰਕਾਰ ਵਿਰੁਧ ਬੇਵਿਸਾਹੀ ਦੇ ਮਤੇ ਉਪਰ ਟਿਕੀ ਹੋਈ ਸੀ।



### ਵਿਧਾਨ ਸਭਾ ਵਿਚ ਹੰਗਾਮਾ

ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਕਿਸਾਨ ਸੰਘਰਸ਼ ਦਾ ਅਸਰ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਵਿਧਾਨ ਸਭਾ ਸੈਸ਼ਨ ਦੇ ਤੀਜੇ ਦਿਨ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ ਕਿ ਫ਼ਸਲਾਂ 'ਤੇ ਐੱਮਐੱਸਪੀ ਖ਼ਤਮ ਹੋ ਜਾਵੇਗੀ। ਉਨ੍ਹਾਂ ਕਾਂਗਰਸ 'ਤੇ ਵਰ੍ਹਦਿਆਂ ਕਿਹਾ ਕਿ ਖੇਤੀਬਾੜੀ ਵਿੱਚ ਠੇਕੇਦਾਰੀ ਸਿਸਟਮ ਦਾ ਕਾਨੂੰਨ ਕਾਂਗਰਸ ਲੈ ਕੇ ਆਈ ਸੀ। ਜਿਸ ਦਾ ਵਿਰੋਧੀ ਧਿਰ ਦੇ ਆਗੂ ਭੁਪਿੰਦਰ ਸਿੰਘ ਹੁੱਡਾ ਨੇ ਵਿਰੋਧ ਕਰਦਿਆਂ ਕਿਹਾ ਕਿ ਕਾਂਗਰਸੀ ਖੇਤੀਬਾੜੀ ਵਿੱਚ ਨਿੱਜੀ ਨਿਵੇਸ਼ ਦੇ ਵਿਰੁੱਧ ਨਹੀਂ ਹੈ। ਪਰ ਕਾਂਗਰਸ ਨੇ ਕਦੇ ਐੱਮਐੱਸਪੀ ਤੋਂ ਘੱਟ ਖਰੀਦ ਦੀ ਗੱਲ ਨਹੀਂ ਕੀਤੀ। *(ਬਾਕੀ ਸਫ਼ਾ 8 'ਤੇ)*

### ਬਹੁਗਿਣਤੀ ਵਿਧਾਇਕਾਂ ਨੇ ਕਿਸਾਨ ਅੰਦੋਲਨ ਨੂੰ ਅਣਗੌਲਿਆ ਕੀਤਾ

GOLDMINE INSURANCE
A MEMBER OF ALL CANADIAN INSURANCE
Home, Business, Auto autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

UTTAM PAINTING CO.
Residential & Commercial
- Spray Paint
- Stucco Paint
- Roller & Brush
- New & Old House
- Interior & Exterior
- Polly & Sponge Paint
25 Years of Experience
Efficient Work ♦ Fast Service
Reasonable Rates
Rajinder Aulakh (Raj)
778.891.9473
amaritaulakh2008@yahoo.ca

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
- ਕਾਰ • ਟਰੱਕ
- ਆਟੋਮੈਟਿਕ ਟਰੱਕ
- ਮੋਟਰਸਾਇਕਲ
- ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
- Property Purchase Sales/Mortgage
- Power of Attorney
- Wills • Affidavits
- Visitation Letters
- Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਰਾਜਸ਼ਾਹੀ ਨੂੰ ਤੋੜਨ ਬਾਰੇ ਗੱਲਬਾਤ ਕਰਨ ਦਾ ਸਮਾਂ ਨਹੀਂ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਬੁਕਿੰਘਮ ਪੈਲੇਸ ਵਿਖੇ ਨਸਲਵਾਦ ਦੇ ਦੋਸ਼ਾਂ ਨੂੰ ਦੇਖਦੇ ਹੋਏ ਰਾਜਸ਼ਾਹੀ ਦੇ ਭਵਿੱਖ ਬਾਰੇ ਲਈ ਉਹ ਚਰਚਾ ਕਰਨ ਲਈ ਤਿਆਰ ਨਹੀਂ ਹਨ। ਪ੍ਰਿੰਸ ਹੈਰੀ ਅਤੇ ਸੁਸੈਸਕਸ ਦੀ ਡਚੇਸ ਮੇਘਨ ਵਲੋਂ ਇਹ ਦੋਸ਼ ਲਾਉਣ ਕਿ ਉਹ ਨਸਲਵਾਦ ਕਾਰਨ ਆਪਣੀਆਂ ਸ਼ਾਹੀ ਜ਼ਿੰਮੇਵਾਰੀ ਛੱਡਣ ਅਤੇ ਬਰਤਾਨੀਆ ਤੋਂ ਚਲੇ ਜਾਣ ਲਈ ਮਜ਼ਬੂਰ ਹੋਈ ਸੀ ਨੇ ਮਹਾਰਾਣੀ ਨਾਲ ਕਾਮਨਵੈਲਥ ਦੇ ਭਵਿੱਖ ਦੇ ਸਬੰਧਾਂ ਬਾਰੇ ਬਹਿਸ ਛੇੜ ਦਿੱਤੀ ਹੈ। ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਲੋਕ ਸੰਵਿਧਾਨਕ ਤਬਦੀਲੀ ਅਤੇ ਆਪਣੀ ਸਰਕਾਰ ਦੀ ਪ੍ਰਣਾਲੀ ਨੂੰ ਬਦਲਣ ਬਾਰੇ ਬਾਅਦ ਵਿਚ ਗੱਲਬਾਤ ਕਰਨੀ ਚਾਹੁੰਦੇ ਹਨ ਤਾਂ ਇਹ ਠੀਕ ਹੈ ਅਤੇ ਉਹ



ਗੱਲਬਾਤ ਕਰ ਸਕਦੇ ਹਨ। ਪਰ ਹੁਣ ਉਹ ਇਸ ਬਾਰੇ ਗੱਲਬਾਤ ਨਹੀਂ ਕਰ ਰਿਹਾ। ਹੁਣ ਤਾਂ ਉਨ੍ਹਾਂ ਦਾ ਧਿਆਨ ਇਸ ਮਹਾਂਮਾਰੀ ਤੋਂ ਬਾਹਰ ਆਉਣ ਤੇ ਆਪਣੀ ਆਰਥਿਕਤਾ ਨੂੰ ਲੀਹ 'ਤੇ ਲਿਆਉਣ 'ਤੇ ਕੇਂਦਰਿਤ ਹੈ। ਦੋਵੇਂ ਐਨਡੀਪੀ ਤੇ ਕਿਊਬਕ ਨੇਤਾਵਾਂ ਦਾ ਕਹਿਣਾ ਕਿ ਇਹ ਦੋਸ਼ ਇਸ ਗੱਲ ਦਾ ਅਗਲਾ ਸਬੂਤ ਹਨ ਕਿ ਆਮ ਕੈਨੇਡੀਅਨਾਂ ਲਈ ਰਾਜਸ਼ਾਹੀ ਹੁਣ ਢੁਕਵੀਂ ਨਹੀਂ ਰਹੀ ਅਤੇ ਇਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਐਨਡੀਪੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਰਾਜਸ਼ਾਹੀ ਦਾ ਕੈਨੇਡੀਅਨਾਂ ਲੋਕਾਂ ਦੀਆਂ ਜਿੰਦਗੀਆਂ ਨੂੰ ਕੋਈ ਲਾਭ ਨਹੀਂ ਦਿਸ ਰਿਹਾ।

## ਕੋਵਿਡ ਨਿਯਮਾਂ ਦੀ ਉਲੰਘਣਾ ਕਰਕੇ ਪਾਰਟੀ ਕਰਨ ਵਾਲੇ ਦੋ ਵਿਅਕਤੀ ਜੇਲ੍ਹ ਵਿਚ ਸੁੱਟੇ

ਵੈਨਕੂਵਰ-ਪੁਲਿਸ ਨੇ ਬੀਸੀ ਦੀਆਂ ਸੂਬਾ ਕੋਵਿਡ-19 ਪਾਬੰਦੀਆਂ ਉਲੰਘਣਾ ਕਰਕੇ ਡਾਊਨਟਾਊਨ ਦੇ ਇਕ ਕੋਂਡੋ ਵਿਚ ਪਾਰਟੀ ਕਰਨ ਵਾਲ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰੀਆਂ ਤੋਂ ਪਹਿਲਾਂ ਵੀਪੀਡੀ ਸਾਰਜੈਂਟ ਸਟੀਵ ਐਡੀਸਨ ਨੇ ਕਿਹਾ ਕਿ ਪੁਲਿਸ ਨੂੰ ਅਲਬੇਰਨੀ ਸਟਰੀਟ ਵਿਚ 1100 ਬਲਾਕ ਵਿਚ ਬਹੁਮੰਜ਼ਿਲਾ ਟਾਵਰ ਵਿਚ ਪਾਰਟੀਆਂ ਦੇ ਸਬੰਧ ਵਿਚ 3 ਫਰਵਰੀ ਤੋਂ 10 ਸ਼ਿਕਾਇਤਾਂ ਮਿਲੀਆਂ ਹਨ। 11ਵੀਂ ਸ਼ਿਕਾਇਤ ਪਿੱਛੋਂ ਪੁਲਿਸ ਤਲਾਸ਼ੀ ਵਾਰੰਟ ਨਾਲ ਸਨਿਚਰਵਾਰ ਤੜਕੇ ਬਹੁਮੰਜ਼ਿਲਾ ਟਾਵਰ 'ਤੇ ਪੁੱਜੀ ਅਤੇ ਪਾਰਟੀ 'ਚ ਸ਼ਾਮਿਲ ਲੋਕਾਂ ਨੂੰ ਕਾਬੂ ਕੀਤਾ ਜਿਸ ਵਿਚ 8 ਵਿਅਕਤੀ ਸ਼ਾਮਿਲ ਸਨ। ਐਡੀਸਨ ਨੇ ਕਿਹਾ ਕਿ ਲੋਕਾਂ ਵਲੋਂ ਵਾਰ ਵਾਰ ਸ਼ਿਕਾਇਤਾਂ ਮਿਲਣ ਅਤੇ ਪਾਰਟੀਆਂ ਨਾ ਕਰਨ ਲਈ ਇਨ੍ਹਾਂ ਮੇਜ਼ਬਾਨਾਂ ਨੂੰ ਮਨਾਉਣ ਦੀਆਂ ਅਸਫਲ ਕੋਸ਼ਿਸ਼ਾਂ ਪਿੱਛੋਂ ਸਾਡੇ ਅਫਸਰੇ ਤਲਾਸ਼ੀ ਵਾਰੰਟ ਹਾਸਲ ਕਰਕੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਕੋਂਡੋ ਵਿਚ ਜ਼ਬਰਦਸਤੀ ਦਾਖਲ ਹੋਏ। ਕਥਿਤ ਮੇਜ਼ਬਾਨਾਂ ਨੂੰ ਜੇਲ੍ਹ ਵਿਚ ਪਹੁੰਚਾ ਦਿੱਤਾ ਹੈ ਅਤੇ 6 ਮਹਿਮਾਨਾਂ ਨੂੰ 230 ਡਾਲਰ ਦੀਆਂ ਟਿਕਟਾਂ ਜਾਰੀ ਕੀਤੀਆਂ ਗਈਆਂ ਹਨ। ਬੀਸੀ ਦੀਆਂ ਕੋਵਿਡ-19 ਪਾਬੰਦੀਆਂ ਘਰ ਤੋਂ ਬਾਹਰ ਕਿਸੇ ਤਰ੍ਹਾਂ ਦੇ ਸਮਾਜਿਕ ਇਕੱਠ 'ਤੇ ਪਾਬੰਦੀ ਲਾਉਂਦੀਆਂ ਹਨ। ਐਮਰਜੈਂਸੀ ਪ੍ਰੋਗਰਾਮ ਐਕਟ ਤਹਿਤ ਪਾਰਟੀ ਕਰਨ ਵਾਲਿਆਂ ਨੂੰ 2300 ਡਾਲਰ ਤਕ ਜੁਰਮਾਨਾ ਕੀਤਾ ਜਾ ਸਕਦਾ ਹੈ ਪਰ ਵੈਨਕੂਵਰ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਤੇ ਦੋਸ਼ਾਂ ਦੀ ਪੈਰਵੀ ਕਰਨ ਦਾ ਬਦਲ ਚੁਣਿਆਂ ਹੈ। ਐਡੀਸਨ ਨੇ ਕਿਹਾ ਕਿ ਜੇਕਰ ਉਹ ਦੋਸ਼ੀ ਠਹਿਰਾਏ ਜਾਂਦੇ ਹਨ ਤਾਂ ਅਦਾਲਤ ਸਜ਼ਾ ਬਾਰੇ ਫ਼ੈਸਲਾ ਕਰੇਗੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ 37 ਸਾਲਾ ਮਨਜਿੰਦਰ ਸੱਗੂ ਤੇ 35 ਸਾਲਾ ਸਨਦ ਰੇਯਸ ਹੈ।

## ਟੋਰਾਂਟੋ ਸਿਟੀ ਸਥਾਨਕ ਪੱਤਰਕਾਰੀ ਨੂੰ ਉਤਸ਼ਾਹਿਤ ਕਰੇਗਾ

ਟੋਰਾਂਟੋ-ਕੈਨੇਡੀਅਨ ਨਿਊਜ਼ ਪੇਪਰਾਂ ਦੇ ਵੱਡੀ ਪੱਧਰ 'ਤੇ ਬੰਦ ਹੋਣ ਦਰਮਿਆਨ ਟੋਰਾਂਟੋ ਸਿਟੀ ਸਥਾਨਕ ਪੱਤਰਕਾਰਤਾ ਦੇ ਸਮਰਥਨ ਵਾਲੀ ਲਹਿਰ ਵਿਚ ਸ਼ਾਮਿਲ ਹੋਵੇਗਾ। ਟੋਰਾਂਟੋ ਦੇ ਮੇਅਰ ਜੌਹਨ ਟੌਰੀ ਨੇ ਕਿਹਾ ਕਿ ਸ਼ਹਿਰ ਨੇ ਓਨਟਾਰੀਓ ਵਿਚ ਦੂਸਰੇ 14 ਰੀਜ਼ਨਾਂ ਵਿਚ ਸ਼ਾਮਿਲ ਹੋਣ ਲਈ ਮਤਾ ਪਾਸ ਕਰਨ ਦੀ ਬੇਨਤੀ ਦਾ ਹੁੰਗਾਰਾ ਭਰਿਆ ਹੈ ਜਿਸ ਨਾਲ ਸਿਹਤਮੰਦ ਨਿਊਜ਼ ਮੀਡੀਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਹੁੰਦੀ ਹੈ। ਮਤੇ 'ਤੇ ਚਰਚਾ ਹਫਪੋਸਟ ਕੈਨੇਡਾ ਅਤੇ ਹਫਪੋਸਟ ਕਿਊਬਕ ਵਲੋਂ ਆਪਣੀਆਂ ਵੈੱਬਸਾਈਟਾਂ 'ਤੇ ਪਬਲੀਸ਼ਿੰਗ ਬੰਦ ਕਰਨ ਤੋਂ ਬਾਦ ਹੋਈ ਹੈ। ਸਾਈਟਾਂ ਨੂੰ ਬੰਦ ਕਰਨ ਦੀ ਕਾਰਵਾਈ ਪੇਰੈਂਟ ਕੰਪਨੀ ਬੁਜ਼ਫੀਡ ਵਲੋਂ ਖਰਚਾ ਘਟਾਉਣ ਲਈ ਚੁੱਕੇ ਲੜੀਵਾਰ ਕਦਮਾਂ ਵਿਚੋਂ ਇਕ ਹੈ। ਪਿਛਲੇ ਸਪਰਿੰਗ ਵਿਚ ਇਹ ਮੁਹਿਮ ਬਹੁਤ ਹੀ ਹੇਠਲੇ ਪੱਧਰ ਦੇ ਸੰਗਠਨ ਇਕ-ਸਟੈਂਡਰੇਚਸ ਡਾਟ ਓਆਰਜੀ ਵਲੋਂ ਸ਼ੁਰੂ ਕੀਤੀ ਗਈ ਸੀ ਅਤੇ ਇਸ ਦਾ ਉਦੇਸ਼ ਕੈਨੇਡੀਅਨ ਨਿਊਜ਼ ਮੀਡੀਆ ਨੂੰ ਮਜ਼ਬੂਤ ਕਰਨਾ ਹੈ ਕਿਉਂਕਿ ਪਿਛਲੇ 10 ਸਾਲਾਂ ਵਿਚ 250 ਤੋਂ ਵੀ ਵੱਧ ਨਿਊਜ਼ ਪੇਪਰ ਬੰਦ ਹੋ ਚੁੱਕੇ ਹਨ। ਮੀਡੀਆ ਆਊਟਲੈਟਸ ਨੂੰ ਬੰਦ ਕਰਨ ਵਿਚ ਕੋਵਿਡ-19 ਨੇ ਤੇਜ਼ੀ ਲਿਆਂਦੀ ਹੈ ਅਤੇ ਇਸ ਮਹਾਂਮਾਰੀ ਕਾਰਨ ਕੈਨੇਡੀਅਨ ਮੀਡੀਆ ਆਊਟਲੈਟਸ ਨੂੰ 2000 ਤੋਂ ਵੀ ਵੱਧ ਪੱਤਰਕਾਰਾਂ ਦੀ ਛਾਂਟੀ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ।


SHER TALIB NOTARY PUBLIC
ਨੋਟਰੀ ਪਬਲਿਕ

NOTARIZATIONS
- Affidavits
- Invitation Letters
- Travel Consent Letters
- Statutory Declarations
- Sales & Purchase
- Family Transfer
- Refinancing
- Business Assets Sale Purchase
- Easements, Restrictive Covenants
- Wills & Estate Planning
- Power of Attorney

ਨੋਟਰੀ ਪਬਲਿਕ
- ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
- ਇਕਰਾਰਨਾਮਾ ਅਤੇ ਹੋਰ ਨੋਟਰੀ ਸੇਵਾਵਾਂ
- ਵਸੀਅਤਨਾਮਾ
- ਪਾਵਰ ਆਫ ਅਟੌਰਨੀ
- ਮੋਰਟਗੇਜ਼ ਦੀ ਡਾਕੂਮੈਂਟੇਸ਼ਨ
- ਨੋਟਰੀਜ਼ੇਸ਼ਨ
- ਐਫੀਡੇਵਿਟ

BC Notaries
A TRUSTED TRADITION

Services offered in Punjabi, Hindi & English



Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com



UNI GLOBAL IMMIGRATION
CONSULTING SERVICES LTD.
Your Dream......Our Passion

For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
rcic · cric
#12387 - 75 Ave., Surrey BC V3W 2S7
Email: contactuniglobal@gmail.com



JJB INSURANCE
BBB ACCREDITED BUSINESS
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE

HOUSE INSURANCE
UP TO 65% DISCOUNT AVAILABLE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Ask for Special Rate for Super Visa Insurance
Money Back upon Visa Declined
Wawanesa Insurance

Call Us Before You Renew / Buy Any Insurance Lien & Accident Search Available

# ਟਰਾਂਜ਼ੀਸ਼ਨ ਪੈਨਸ਼ਨ ਆਰ.ਸੀ.ਐਮ.ਪੀ. ਅਫਸਰਾਂ ਦੀ ਜੇਬ ’ਤੇ ਤੁਰੰਤ 109000 ਡਾਲਰ ਤੱਕ ਪਵੇਗੀ ਭਾਰੀ

ਸਰੀ-ਆਰ ਸੀ ਐਮ ਪੀ ਤੋਂ ਦੇਰੀ ਵਾਲੀ ਤੇ ਗੈਰ ਲੋਕਪ੍ਰਿਯ ਸਰੀ ਪੁਲਿਸ ਸਰਵਿਸ(ਐਸਪੀਐਸ) ਨੂੰ ਟਰਾਂਜ਼ੀਸ਼ਨ ਮੌਜੂਦਾ ਆਰਸੀਐਮਪੀ ਮੈਂਬਰਾਂ ਦੀ ਜੇਬ ’ਤ ਕਾਫੀ ਜ਼ਿਆਦਾ ਤੁਰੰਤ 109000 ਡਾਲਰ ਤਕ ਭਾਰੀ ਪਵੇਗੀ। ਨੈਸ਼ਨਲ ਪੁਲਿਸ ਫੈਡਰੇਸ਼ਨ ਜਿਹੜੀ ਸਰੀ ਵਿਚ 850 ਆਰਸੀਐਮਪੀ ਅਫਸਰਾਂ ਤੇ ਸਮੁੱਚੇ ਬ੍ਰਿਟਿਸ਼ ਕੋਲੰਬੀਆ ਵਿਚ 7000 ਮੈਂਬਰਾਂ ਦੀ ਪ੍ਰਤੀਨਿਧਤਾ ਕਰਦੀ ਹੈ ਨੇ ਇਹ ਅਧਿਐਨ ਕਰਨ ਲਈ ਵੈਸਟਕੋਸਟ ਐਕਟੂਅਰੀਸ ਦੀਆਂ ਸੇਵਾਵਾਂ ਲਈਆਂ ਕਿ ਮੈਂਬਰਾਂ ਨੂੰ ਆਰਸੀਐਮਪੀ ਤੋਂ ਗੈਰਲੋਕਪ੍ਰਿਯ ਨਵੀਂ ਫੋਰਸ ਵਿਚ ਜਾਣ ’ਤੇ ਉਨ੍ਹਾਂ ਦੀ ਟਰਾਂਜ਼ੀਸ਼ਨ ਪੈਨਸ਼ਨ ਦਾ ਕੀ ਖਰਚ ਹੋ ਸਕਦਾ ਹੈ। ਇਸ ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਸ਼ੁਰੂਆਤੀ ਤੇ ਮਿਡ-ਕੈਰੀਅਰ (32-42 ਸਾਲ ਜਿਹੜੇ ਅੱਧੀ ਕੁ ਨੌਕਰੀ ਕਰ ਚੁੱਕੇ ਹਨ) ਨੂੰ ਆਪਣੀ ਪੈਨਸ਼ਨ ਤਬਦੀਲ ਕਰਨ ਨਾਲ ਅੰਦਾਜ਼ਨ 79000 ਤੋਂ ਲੈ ਕੇ 109000 ਡਾਲਰ ਤਕ ਖਰਚ ਸਹਿਣ ਕਰਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਆਰਸੀਐਮਪੀ ਮੈਂਬਰ ਬੀਸੀ ਮਿਉਂਸਪਲ ਪੈਨਸ਼ਨ ਪਲੈਨ (ਬੀਸੀ ਐਮਪੀਪੀ) ਜਿਸ ਦੀ ਸੂਬੇ ਵਿਚ ਮਿਉਂਸਪਲ ਪੁਲਿਸ ਫੋਰਸਾਂ ਵਰਤੋਂ ਕਰਦੀਆਂ ਹਨ ਵਿਚ ਸ਼ਾਮਿਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਆਰਸੀਐਮਪੀ ਦਾ ਆਪਣਾ ਪੂਰਾ ਪੈਨਸ਼ਨਯੋਗ ਸਰਵਿਸ ਕਰੈਡਿਟ ਲੈਣ ਲਈ ਆਪਣੇ ਕੋਲੋਂ ਵਾਧੂ ਪੈਸੇ ਖਰਚਣੇ ਪੈਣਗੇ। ਬਹੁਤੀਆਂ ਡਿਟੈਚਮੈਂਟਸ ਵਿਚ ਆਰਸੀਐਮਪੀ ਮੈਂਬਰਾਂ ਦੀ ਗਿਣਤੀ ਦੇ ਆਧਾਰ ’ਤੇ ਇਹ ਖਰਚਾ ਲਗਪਗ 70 ਤੋਂ 75 ਫ਼ੀਸਦੀ ਮੈਂਬਰਾਂ ’ਤੇ ਲਾਗੂ ਹੋਵੇਗਾ। ਨੈਸ਼ਨਲ ਪੁਲਿਸ ਫੈਡਰੇਸ਼ਨ ਦੇ ਪ੍ਰਧਾਨ ਬਰਾਇਨ ਸੌਵੇ ਨੇ ਕਿਹਾ ਕਿ ਹਰ ਇਕ ਲਈ ਇਸ ਤਬਦੀਲੀ ਦਾ ਖਰਚ ਵਧੇਗਾ। ਸਰੀ ਵਿਚ ਟਰਾਂਜ਼ੀਸ਼ਨ ਲਾਗਤ ਤਿੱਗਣੀ ਹੋਣ ਕਾਰਨ ਮਕਾਨ ਮਾਲਕ ’ਤੇ 300 ਫ਼ੀਸਦੀ ਲੇਵੀ ਵਾਧੇ ਦੇ ਨਾਲ ਕਰਦਾਤਾ 11 ਫ਼ੀਸਦੀ ਪ੍ਰਾਪਰਟੀ ਟੈਕਸ ਦੇ ਗੇੜ ਵਿਚ ਆ ਗਏ ਹਨ। ਹੁਣ ਬਹੁਤ ਸਾਰੇ ਸਖਤ ਮਿਹਨਤ ਕਰਨ ਵਾਲੇ ਆਰਸੀਐਮਪੀ ਮੈਂਬਰ ਜਿਹੜੇ ਸ਼ਾਇਦ ਤਬਦੀਲੀ ’ਤੇ ਵਿਚਾਰ ਕਰ ਰਹੇ ਹਨ ਉਸ ਖੇਤਰ ਵਿਚ ਬਹੁਤ ਮੁਸ਼ਕਿਲ ਤੇ ਤੁਰੰਤ ਨਿੱਜੀ ਖਰਚਿਆਂ ਦੇ ਪ੍ਰਭਾਵਾਂ ਦਾ ਸਾਹਮਣਾ ਕਰਨਗੇ ਜਿਥੇ ਜ਼ਿੰਦਗੀ ਬਸਰ ਕਰਨ ਲਈ ਪਹਿਲਾਂ ਹੀ ਕਾਫੀ ਖਰਚ ਕਰਨਾ ਪੈਂਦਾ ਹੈ।

## ਸ਼ਾਹੀ ਪਰਿਵਾਰ ਦੀ ਨੂੰਹ ਮੇਘਨ ਨੇ ਲਗਾਏ ਸ਼ਾਹੀ ਪਰਿਵਾਰ ’ਤੇ ਨਸਲਵਾਦ ਦੇ ਦੋਸ਼

ਲੰਡਨ-ਪ੍ਰਿੰਸ ਹੈਰੀ ਦੀ ਪਤਨੀ ਮੇਘਨ ਨੇ ਸ਼ਾਹੀ ਪਰਿਵਾਰ ’ਤੇ ਉਸ ਦੇ ਬੇਟੇ ਦੀ ਚਮੜੀ ਕਿੰਨੀ ਕਾਲੀ ਹੋ ਸਕਦੀ ਹੈ ਬਾਰੇ ਚਿੰਤਾਵਾਂ ਉਠਾਉਣ ਦਾ ਦੋਸ਼ ਲਾਇਆ ਅਤੇ ਉਨ੍ਹਾਂ ਨੇ ਉਸ ਨੂੰ ਖੁਦਕੁਸ਼ੀ ਦੇ ਕਿਨਾਰੇ ਪਹੁੰਚਾ ਦਿੱਤਾ ਸੀ। ਟੈਲ-ਆਲ ਟੈਲੀਵੀਜ਼ਨ ਇੰਟਰਵਿਊ ਜਿਹੜੀ ਰਾਜਤੰਤਰ ਨੂੰ ਪ੍ਰੇਸ਼ਾਨ ਕਰ ਦੇਵੇਗੀ ਵਿਚ 39 ਸਾਲਾ ਮੇਘਨ ਜਿਸ ਦੀ ਮਾਂ ਕਾਲੀ ਤੇ ਪਿਤਾ ਗੋਰਾ ਹੈ ਨੇ ਕਿਹਾ ਕਿ ਉਹ 2018 ਵਿਚ ਸ਼ਾਹੀ ਖਾਨਦਾਨ ਵਿਚ ਵਿਆਹ ਜਾਣ ਤੋਂ ਪਹਿਲਾਂ ਸਿਧ-ਪੱਧਰੀ ਸੀ ਪਰ ਮਦਦ ਲਈ ਅਪੀਲ ਕਰਨ ਤੇ ਕੁਝ ਵੀ ਪੱਲੇ ਨਾ ਪੈਣ ਪਿੱਛੋਂ ਖੁਦਕੁਸ਼ੀ ਕਰਨ ਅਤੇ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚਿਆ ਸੀ। ਮੇਘਨ ਨੇ ਕਿਹਾ ਕਿ ਉਸ ਦਾ ਪੁੱਤਰ ਆਰਚੀ ਜਿਹੜਾ ਹੁਣ ਇਕ ਸਾਲ ਦਾ ਹੈ ਨੂੰ ਸ਼ਹਿਜ਼ਾਦੇ ਦਾ ਖਿਤਾਬ ਦੇਣ ਤੋਂ ਕਰ ਦਿੱਤਾ ਕਿਉਂਕਿ ਸ਼ਾਹੀ ਪਰਿਾਵਰ ਅੰਦਰ ਇਸ ਗੱਲ ਨੂੰ ਲੈ ਕੇ ਚਿੰਤਾਵਾਂ ਸਨ ਕਿ ਜਦੋਂ ਉਹ ਪੈਦਾ ਹੋਵੇਗਾ ਪਤਾ ਨਹੀਂ ਉਸ ਦੀ ਚਮੜੀ ਕਿੰਨੀ ਕਾਲੀ ਹੋ ਸਕਦੀ ਹੈ। ਮੇਘਨ ਨੇ ਓਪਰਾਹ ਵਿਨਫਰੇ ਨਾਲ ਇਕ ਇੰਟਰਵਿਊ ਜਿਹੜੀ ਸੀਬੀਐਸ ’ਤੇ ਦੇਰ ਐਤਵਾਰ ਪ੍ਰਸਾਰਨ ਕੀਤੀ ਗਈ ਵਿਚ ਕਿਹਾ ਕਿ ਇਹ ਗੱਲ ਉਸ ਨੂੰ ਹੈਰੀ ਤੋਂ ਪਤਾ ਲੱਗੀ ਹੈ ਅਤੇ ਇਹ ਗੱਲਾਂ ਉਸ ਨਾਲ ਪਰਿਵਾਰ ਵਿਚ ਹੋਈਆਂ ਸਨ। ਮੇਘਨ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਇਸ ਤਰ੍ਹਾਂ ਦੀਆਂ ਚਿੰਤਾਵਾਂ ਕਿਸ ਨੇ ਜ਼ਾਹਿਰ ਕੀਤੀਆਂ ਸਨ। ਹੈਰੀ ਨੇ ਕਿਹਾ ਕਿ ਉਸ ਦੇ ਪਰਿਵਾਰ ਨੇ ਉਨ੍ਹਾਂ ਤੋਂ ਵਿੱਤੀ ਤੌਰ ’ਤੇ ਹੱਥ ਖਿੱਚ ਲਿਆ ਅਤੇ ਉਸ ਦਾ ਪਿਤਾ ਪ੍ਰਿੰਸ ਚਾਰਲਸ ਜਿਹੜਾ ਬਰਤਾਨਵੀ ਸਿੰਘਾਸਨ ਦਾ ਵਾਰਸ ਹੈ ਨੇ ਉਸ ਨੂੰ ਨਿਰਾਸ਼ ਕੀਤਾ ਅਤੇ ਇਕ ਵਾਰ ਤਾਂ ਉਸ ਦਾ ਫੋਨ ਸੁਣਨ ਤੋਂ ਇਨਕਾਰ ਕਰ ਦਿੱਤਾ। ਬੁਕਿੰਘਮ ਪੈਲੇਸ ਵਲੋਂ ਇਸ ਇੰਟਰਵਿਊ ਜਿਹੜੀ ਸੋਮਵਾਰ ਨੂੰ ਪ੍ਰਸਾਰਤ ਕੀਤੀ ਗਈ ਸੀ ਉਪਰ ਆਪਣੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਸ਼ਾਹੀ ਪਰਿਵਾਰ ਉਪਰ ਨਸਲਵਾਦ ਦੇ ਦੋਸ਼ ਠੀਕ ਹਨ। ਸ਼ਾਹੀ ਜੋੜਾ ਸ਼ਾਹੀ ਪਰਿਵਾਰ ਲਈ ਅਤਿ ਪਿਆਰਾ ਹੈ।



## ਫੈਡਰਲ ਤੇ ਬੀਸੀ ਸਰਕਾਰਾਂ ਵਲੋਂ ਕਮਜ਼ੋਰ ਲੋਕਾਂ ਦੀ ਮਦਦ ਲਈ 517 ਮਿਲੀਅਨ ਡਾਲਰ ਕਿਰਾਇਆ ਸਹਾਇਤਾ ਪ੍ਰੋਗਰਾਮ ਦਾ ਐਲਾਨ

ਵਿਕਟੋਰੀਆ-ਕਮਜ਼ੋਰ ਸਥਿਤੀਆਂ ਵਿਚ ਰਹਿ ਰਹੇ 25000 ਲੋਕਾਂ ਦਾ ਕਿਰਾਇਆ ਅਦਾ ਕਰਨ ਵਿਚ ਸਹਾਇਤਾ ਦੇ ਉਦੇਸ਼ ਲਈ ਫੈਡਰਲ ਤੇ ਬੀਸੀ ਸਰਕਾਰ ਨੇ ਇਕ ਸਾਂਝਾ ਹਾਊਸਿੰਗ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਪਰਿਵਾਰ, ਬੱਚਿਆਂ ਤੇ ਸਮਾਜਿਕ ਵਿਕਾਸ ਬਾਰੇ ਫੈਡਰਲ ਮੰਤਰੀ ਅਹਿਮਦ ਹੁਸੈਨ ਨੇ ਕਿਹਾ ਕਿ 10 ਸਾਲਾ 517 ਮਿਲੀਅਨ ਡਾਲਰ ਦਾ ਕੈਨੇਡਾ-ਬੀਸੀ ਹਾਊਸਿੰਗ ਬੈਨੀਫਿਟ ਉਨ੍ਹਾਂ ਲੋਕਾਂ ਨੂੰ ਮਾਸਕ ਕਿਰਾਏ ਦੀ ਅਦਾਇਗੀ ਲਈ ਸਹਾਇਤਾ ਪ੍ਰਦਾਨ ਕਰੇਗਾ ਜਿਹੜੇ ਕਿਰਾਇਆ ਦੇ ਨਹੀਂ ਸਕਦੇ। ਹੁਸੈਨ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਸਮੁੱਚੇ ਕੈਨੇਡਾ ਵਿਚ ਇਸ ਵਿਚ ਸ਼ਾਮਿਲ ਲੋਕਾਂ ਨੂੰ ਇਕ ਸਾਲ ਵਿਚ ਔਸਤਨ 2500 ਡਾਲਰ ਦਾ ਲਾਭ ਮਿਲੇਗਾ ਪਰ ਕਿਰਾਇਆ ਲਾਗਤਾਂ ਅਤੇ ਘਰੇਲੂ ਹਾਲਾਤ ਦੇ ਆਧਾਰ ’ਤੇ ਬੀਸੀ ਵਿਚ ਪੇਮੈਂਟ ਦੀ ਰਕਮ ਵਧਾਈ ਜਾ ਸਕਦੀ ਹੈ। ਬੀਸੀ ਦੇ ਹਾਊਸਿੰਗ ਬਾਰੇ ਮੰਤਰੀ ਡੇਵਿਡ ਈਬੀ ਨੇ ਕਿਹਾ ਕਿ ਇਹ ਲਾਭ ਉਨ੍ਹਾਂ ਪਰਿਵਾਰਾਂ ਨੂੰ ਮੁਹੱਈਆ ਕੀਤੇ ਜਾਣਗੇ ਜਿਹੜੇ ਸੂਬੇ ਦੇ ਰੈਂਟਲ ਸਹਾਇਤਾ ਪ੍ਰੋਗਰਾਮ ਜਾਂ ਬਜ਼ੁਰਗ ਕਿਰਾਏਦਾਰਾਂ ਬਾਰੇ ਸ਼ੈਲਟਰ ਸਹਾਇਤਾ ਲਈ ਯੋਗ ਨਹੀਂ ਹਨ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S Jewellers Ltd.
Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8



Homeowner • Fleet • Business • Auto • Travel • Boats • Life • Critical • Cargo • Commercial
7 Days a Week! 9 am to 9pm

HOUSE INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements.
Rates subject to change without notice.
Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।






ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ
ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ ’ਤੇ ਕਰਦੇ ਹਾਂ।
JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance
80th Ave. 130th St. 128th St AMC Insurance AirCare
ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca




Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

**Laminate Floor** — 8.3mm thick, 25 years warranty, Click Do It Yourself, German technology — .99 cent

**Commercial Carpet** — Starts From .78 cent

**Berber** — Starts From .78 cent

**Area Rug (5x8)** — Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਖੇਤੀ ਕਾਨੂੰਨਾਂ ਦੇ ਮੁੱਦੇ ’ਤੇ ਸੰਸਦ ਵਿਚ ਜ਼ੋਰਦਾਰ ਹੰਗਾਮੇ ਪਰ ਸਰਕਾਰ ਨਹੀਂ ਹੋ ਰਹੀ ਟੱਸ ਤੋ ਮੱਸ

ਨਵੀਂ ਦਿੱਲੀ-ਬਜਟ ਇਜਲਾਸ ਦੇ ਦੂਜੇ ਪੜਾਅ ਦੇ ਤੀਜੇ ਦਿਨ ਸੰਸਦ ਦੇ ਦੋਵਾਂ ਸਦਨਾਂ ਵਿੱਚ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਵਾਪਸ ਲਏ ਜਾਣ ਦੇ ਮੁੱਦੇ ’ਤੇ ਹੰਗਾਮਾ ਹੋਇਆ। ਹੰਗਾਮੇ ਕਰਕੇ ਲੋਕ ਸਭਾ ਤੇ ਰਾਜ ਸਭਾ ਦੀ ਕਾਰਵਾਈ ਨੂੰ ਦੋ ਦੋ ਵਾਰ ਮੁਲਤਵੀ ਕਰਨਾ ਪਿਆ, ਜਿਸ ਨੂੰ ਮਗਰੋਂ 15 ਮਾਰਚ ਤੱਕ ਲਈ ਅੱਗੇ ਪਾ ਦਿੱਤਾ ਗਿਆ। ਹਾਲਾਂਕਿ ਰੌਲੇ-ਰੱਪੇ ਦਰਮਿਆਨ ਸਰਕਾਰ ਦੋਵਾਂ ਸਦਨਾਂ ਵਿੱਚ ਇਕ ਇਕ ਬਿੱਲ ਪਾਸ ਕਰਵਾਉਣ ਵਿੱਚ ਸਫ਼ਲ ਰਹੀ। ਚੇਤੇ ਰਹੇ ਕਿ ਵਿਰੋਧੀ ਧਿਰਾਂ ਨੇ ਲੰਘੇ ਦੋ ਦਿਨ ਅਸਮਾਨੀ ਪੁੱਜੀਆਂ ਤੇਲ ਕੀਮਤਾਂ ਦਾ ਵਿਰੋਧ ਕਰਦਿਆਂ ਸੰਸਦ ਵਿੱਚ ਹੰਗਾਮਾ ਕੀਤਾ ਸੀ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਹੇਠਲੇ ਸਦਨ ਵਿੱਚ ਬਣੀ ਖੜੋਤ ਨੂੰ ਤੋੜਨ ਲਈ ਸਰਬ ਪਾਰਟੀ ਮੀਟਿੰਗ ਵੀ ਕੀਤੀ। ਦੋਵਾਂ ਸਦਨਾਂ ਵਿੱਚ ਸਪੀਕਰ/ਚੇਅਰਮੈਨ ਨੇ ਸਿਫ਼ਰ ਕਾਲ ਤੇ ਪ੍ਰਸ਼ਨ ਕਾਲ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਵੱਲੋਂ ਕੀਤੀ ਨਾਅਰੇਬਾਜ਼ੀ ਕਰਕੇ ਕਾਰਵਾਈ ’ਚ ਅੜਿੱਕਾ ਪੈਂਦਾ ਰਿਹਾ। ਇਸ ਤੋਂ ਪਹਿਲਾਂ ਜਿਉਂ ਹੀ ਲੋਕ ਸਭਾ ਜੁੜੀ ਤਾਂ ਕਾਂਗਰਸ ਸੰਸਦੀ ਦਲ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਉਹ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ ’ਤੇ ਦਿੱਲੀ ਦੀਆਂ ਸਰਹੱਦਾਂ ’ਤੇ ਡੇਰੇ ਲਾਈ ਬੈਠੇ ਕਿਸਾਨਾਂ ਦੀਆਂ ਦੁੱਖ ਤਕਲੀਫਾਂ ਬਾਰੇ ਦੱਸਣਾ ਚਾਹੁੰਦੇ ਹਨ। ਕਾਂਗਰਸ ਸਮੇਤ ਕੁਝ ਹੋਰਨਾਂ ਪਾਰਟੀਆਂ ਨੇ ਨੇਮ 267 ਤਹਿਤ ਕੰਮ ਰੋਕੂ ਨੋਟਿਸ ਦਿੱਤੇ, ਜਿਸ ਨੂੰ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਰੱਦ ਕਰ ਦਿੱਤਾ। ਕਾਂਗਰਸ, ਤ੍ਰਿਣਮੂਲ ਕਾਂਗਰਸ, ਡੀਐੱਮਕੇ, ਜੰਮੂ ਤੇ ਕਸ਼ਮੀਰ ਨੈਸ਼ਨਲ ਕਾਨਫਰੰਸ, ਐੱਨਸੀਪੀ ਤੇ ਆਰਐੱਸਪੀ ਮੈਂਬਰਾਂ ਨੇ ਸਦਨ ਦੇ ਐਨ ਵਿਚਾਲੇ ਜਾ ਕੇ ਨਾਅਰੇਬਾਜ਼ੀ ਕੀਤੀ ਤੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਵਾਪਸ ਲਏ ਜਾਣ ਦੀ ਮੰਗ ਕੀਤੀ। ਰੌਲੇ ਰੱਪੇ ਕਰਕੇ ਸਦਨ ਨੂੰ ਪਹਿਲਾਂ ਸਾਢੇ ਬਾਰ੍ਹਾਂ ਵਜੇ ਤੱਕ ਤੇ ਮਗਰੋਂ ਢਾਈ ਵਜੇ ਤੱਕ ਲਈ ਮੁਲਤਵੀ ਕਰਨਾ ਪਿਆ। ਉਂਜ ਰੌਲੇ-ਰੱਪੇ ਦਰਮਿਆਨ ਹੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਨੈਸ਼ਨਲ ਕੈਪੀਟਲ ਆਫ਼ ਡੇਹਲੀ ਲਾਅਜ਼ (ਵਿਸ਼ੇਸ਼ ਪ੍ਰਬੰਧ) ਦੂਜੀ (ਸੋਧ) ਬਿੱਲ 2021 ਪੇਸ਼ ਕੀਤਾ, ਜਿਸ ਨੂੰ ਸੰਖੇਪ ਚਰਚਾ ਮਗਰੋਂ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ ਗਿਆ। ਇਸ ਬਿੱਲ ਦਾ ਮੁੱਖ ਮੰਤਵ ਅਣਅਧਿਕਾਰਤ ਕਲੋਨੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਨਿਯਮਤ ਕਰਨਾ ਹੈ। ਪੁਰੀ ਨੇ ਕਿਹਾ ਕਿ ਇਸ ਬਿੱਲ ਦੇ ਕਾਨੂੰਨ ਬਣਨ ਨਾਲ ਦਿੱਲੀ ਦੇ ਉਨ੍ਹਾਂ ਨਾਗਰਿਕਾਂ ਨੂੰ ਰਾਹਤ ਮਿਲੇਗੀ, ਜਿਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਸਾਲਾਂ ਤੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਸੀ। ਸਦਨ ਵਿੱਚ ਕੀਤੇ ਹੰਗਾਮੇ ਲਈ ਸਪੀਕਰ ਓਮ ਬਿਰਲਾ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਝਾੜ ਵੀ ਪਾਈ। ਬਿਰਲਾ ਨੇ ਕਿਹਾ ਕਿ ਤੁਹਾਨੂੰ ਲੋਕਾਂ ਨੇ ਆਪਣੇ ਮੁੱਦੇ ਰੱਖਣ ਲਈ ਸੰਸਦ ਵਿੱਚ ਭੇਜਿਆ ਹੈ। ਪਰ ਤੁਸੀਂ ਹਰ ਰੋਜ਼ ਬੇਵਜ੍ਹਾ ਰੌਲਾ-ਰੱਪਾ ਪਾ ਕੇ ਸਦਨ ਦੀ ਕਾਰਵਾਈ ’ਚ ਅੜਿੱਕਾ ਪਾਉਂਦੇ ਹੋ। ਤੁਹਾਡਾ ਇਹ ਵਤੀਰਾ ਠੀਕ ਨਹੀਂ ਹੈ।’ ਸਦਨ ਜਦੋਂ ਢਾਈ ਵਜੇ ਮਗਰੋਂ ਮੁੜ ਜੁੜਿਆ ਤਾਂ ਵਿਰੋਧੀ ਧਿਰਾਂ ਨੇ ਨਾਅਰੇਬਾਜ਼ੀ ਜਾਰੀ ਰੱਖੀ। ਸਦਨ ਦੀ ਕਾਰਵਾਈ ਚਲਾ ਰਹੀ ਭਾਜਪਾ ਸੰਸਦ ਮੈਂਬਰ ਮੀਨਾਕਸ਼ੀ ਲੇਖੀ ਨੇ ਲੋਕ ਸਭਾ ਨੂੰ 15 ਮਾਰਚ ਸਵੇਰੇ 11 ਵਜੇ ਤੱਕ ਲਈ ਮੁਲਤਵੀ ਕਰ ਦਿੱਤਾ। ਉਧਰ ਰਾਜ ਸਭਾ ਵਿੱਚ ਤਿੰਨ ਨਵੇਂ ਖੇਤੀ ਕਾਨੂੰਨਾਂ ’ਤੇ ਚਰਚਾ ਦੇ ਮੁੱਦੇ ’ਤੇ ਵਿਰੋਧੀ ਧਿਰਾਂ ਨੇ ਹੰਗਾਮਾ ਕੀਤਾ। ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨਿਯਮ 267 ਤਹਿਤ ਸਦਨ ਦਾ ਕੰਮਕਾਜ ਮੁਅੱਤਲ ਕਰਕੇ ਖੇਤੀ ਕਾਨੂੰਨਾਂ ਤੇ ਕਿਸਾਨਾਂ ਨਾਲ ਜੁੜੇ ਹੋਰਨਾਂ ਮੁੱਦਿਆਂ ’ਤੇ ਚਰਚਾ ਦੀ ਮੰਗ ਕੀਤੀ। ਚੇਅਰਮੈਨ ਐੱਮ.ਵੈਂਕਈਆ ਨਾਇਡੂ ਨੇ ਇਨ੍ਹਾਂ ਨੋਟਿਸਾਂ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ। ਇਹ ਨੋਟਿਸ ਦੀਪੇਂਦਰ ਹੁੱਡਾ, ਰਾਜੀਵ ਸਾਤਵ, ਪ੍ਰਤਾਪ ਸਿੰਘ ਬਾਜਵਾ (ਸਾਰੇ ਕਾਂਗਰਸੀ ਮੈਂਬਰ), ਆਰ ਜੇ ਡੀ ਦੇ ਮਨੋਜ ਕੁਮਾਰ ਝਾਅ ਤੇ ਡੀਐੱਮਕੇ ਦੇ ਤਿਰੁਚੀ ਸ਼ਿਵਾ ਨੇ ਦਿੱਤੇ ਸਨ। ਨਾਇਡੂ ਤੇ ਡਿਪਟੀ ਚੇਅਰਮੈਨ ਹਰੀਵੰਸ਼ ਨੇ ਸਦਨ ਦੀ ਕਾਰਵਾਈ ਚਲਾਉਂਦਿਆਂ ਵਿਰੋਧੀ ਮੈਂਬਰਾਂ ਨੂੰ ਸ਼ਾਂਤ ਕਰਨ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ।

## ਦਿੱਲੀ ਤੋਂ ‘ਲੁਟੇਰਿਆਂ’ ਨੂੰ ਭਜਾਵਾਂਗੇ-ਟਿਕੈਤ



ਬਲੀਆ-ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਆਗੂ ਰਾਕੇਸ਼ ਟਿਕੈਤ ਨੇ 13 ਮਾਰਚ ਨੂੰ ਕੋਲਕਾਤਾ ਜਾਣ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਉਥੋਂ ਦੇ ਕਿਸਾਨਾਂ ਨਾਲ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਬਾਰੇ ਚਰਚਾ ਕਰਕੇ ਭਾਜਪਾ ਨੂੰ ਹਰਾਉਣ ਦਾ ਸੱਦਾ ਦੇਣਗੇ। ਉਨ੍ਹਾਂ ਕਿਹਾ ਕਿ ਉਹ ਕਿਸੇ ਪਾਰਟੀ ਵਿਸ਼ੇਸ਼ ਦੀ ਹਮਾਇਤ ਨਹੀਂ ਕਰਨਗੇ। ਸਿਕੰਦਪੁਰ ਦੇ ਚੇਤਨ ਕਿਸ਼ੋਰ ਮੈਦਾਨ ’ਚ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਨ ਤੋਂ ਬਾਅਦ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ 13 ਮਾਰਚ ਨੂੰ ਕੋਲਕਾਤਾ ਜਾ ਕੇ ਫੈਸਲਕੁੰਨ ਸੰਘਰਸ਼ ਦਾ ਬਿਗੁਲ ਫੂਕਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਪੱਛਮੀ ਬੰਗਾਲ ’ਚ ਵੋਟਾਂ ਮੰਗਣ ਨਹੀਂ ਜਾ ਰਹੇ ਹਨ। ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਟਿਕੈਤ ਨੇ ਕਿਸੇ ਦਾ ਨਾਮ ਲਏ ਬਿਨਾਂ ਕਿਹਾ ਕਿ ਦਿੱਲੀ ਤੋਂ ਲੁਟੇਰਿਆਂ ਨੂੰ ਭਜਾਉਣਾ ਹੈ। ਉਹ ਆਖਰੀ ਬਾਦਸ਼ਾਹ ਸਾਬਿਤ ਹੋਵੇਗਾ। ਉਨ੍ਹਾਂ ਕਿਸਾਨਾਂ ਨੂੰ ‘ਇਕ ਪਿੰਡ, ਇਕ ਟਰੈਕਟਰ ਅਤੇ 15 ਵਿਅਕਤੀਆਂ’ ਦਾ ਨਾਅਰਾ ਦਿੰਦਿਆਂ ਕਿਹਾ ਕਿ ਉਹ 10 ਦਿਨ ਦੀ ਤਿਆਰੀ ਖਿੱਚ ਲੈਣ ਅਤੇ ਕਿਸੇ ਵੀ ਵੇਲੇ ਦਿੱਲੀ ਕੂਚ ਕਰਨ ਦਾ ਸੱਦਾ ਮਿਲ ਸਕਦਾ ਹੈ। ਉਨ੍ਹਾਂ ਬਿਹਾਰ ’ਚ ਵੀ ਅੰਦੋਲਨ ਤੇਜ਼ ਕਰਨ ਦਾ ਸੱਦਾ ਦਿੱਤਾ। ਅੰਦੋਲਨ ਨੂੰ ਲੈ ਕੇ ਕਿਸਾਨਾਂ ’ਚ ਮੱਤਭੇਦਾਂ ਦੇ ਦਾਅਵਿਆਂ ਨੂੰ ਖਾਰਜ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਝੰਡੇ ਨੂੰ ਲੈ ਕੇ ਕੋਈ ਵੀ ਇਤਰਾਜ਼ ਨਹੀਂ ਕਰਦਾ ਹੈ। ‘ਇਕਜੁੱਟ ਨਾ ਹੋਣ ਕਾਰਨ ਹੀ ਕਿਸਾਨਾਂ ਦੀ ਲੁੱਟ ਹੋਈ ਹੈ। ਭਾਰਤ ਦੇ ਕਿਸਾਨ ਅੰਦੋਲਨ ਦੀ ਗੂੰਜ ਹੁਣ ਪੂਰੀ ਦੁਨੀਆ ’ਚ ਹੋ ਰਹੀ ਹੈ।’ ਉਨ੍ਹਾਂ ਕਿਹਾ ਕਿ ਜੇਕਰ ਕਿਸਾਨ ਹਾਰ ਗਏ ਤਾਂ ਮਜ਼ਦੂਰ ਅਤੇ ਨੌਜਵਾਨ ਵੀ ਹਾਰ ਜਾਣਗੇ ਅਤੇ ਜਿੱਤ ਲਈ ਪੂਰੀ ਤਾਕਤ ਨਾਲ ਲੜਾਈ ਲੜਨੀ ਹੋਵੇਗੀ।

## ਰਵਨੀਤ ਬਿੱਟੂ ਨੂੰ ਲੋਕ ਸਭਾ ’ਚ ਪਾਰਟੀ ਨੇਤਾ ਬਣਾਇਆ



ਨਵੀਂ ਦਿੱਲੀ-ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਲੋਕ ਸਭਾ ਵਿੱਚ ਪਾਰਟੀ ਨੇਤਾ ਵਜੋਂ ਜ਼ਿੰਮੇਵਾਰੀ ਸੌਂਪੀ ਹੈ।ਉਹ ਸੰਸਦ ਦੇ ਰਹਿੰਦੇ ਬਜਟ ਸੈਸ਼ਨ ਦੌਰਾਨ ਇਹ ਜ਼ਿੰਮੇਵਾਰੀ ਨਿਭਾਉਣਗੇ। ਸ੍ਰੀ ਬਿੱਟੂ ਦੀ ਨਿਯੁਕਤੀ ਲੋਕ ਸਭਾ ’ਚ ਕਾਂਗਰਸ ਦੇ ਨੇਤਾ ਅਧੀਰ ਰੰਜਨ ਚੌਧਰੀ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ’ਚ ਪ੍ਰਚਾਰ ਕਰਨ ਲਈ ਛੁੱਟੀ ਲੈਣ ਮਗਰੋਂ ਕੀਤੀ ਗਈ ਹੈ। ਬਿੱਟੂ ਲੋਕ ਸਭਾ ’ਚ ਪਾਰਟੀ ਦੇ ਚੀਫ਼ ਵਿਪ ਵੀ ਹਨ।

## ਕਿਸਾਨਾਂ ਵੱਲੋਂ 26 ਮਾਰਚ ਨੂੰ ਭਾਰਤ ਬੰਦ ਦਾ ਐਲਾਨ

ਨਵੀਂ ਦਿੱਲੀ-ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਚਲਾ ਰਹੀ ਕਿਸਾਨਾਂ ਦੀ ਸਾਂਝੀ ਜਥੇਬੰਦੀ ਸੰਯੁਕਤ ਕਿਸਾਨ ਮੋਰਚੇ ਨੇ 26 ਮਾਰਚ ਨੂੰ ‘ਭਾਰਤ ਬੰਦ’ ਕਰਨ ਦਾ ਐਲਾਨ ਕੀਤਾ ਹੈ। 26 ਮਾਰਚ ਨੂੰ ਦਿੱਲੀ ਦੀਆਂ ਬਰੂਹਾਂ ਉਪਰ ਮੋਰਚੇ ਸਾਂਭੀ ਬੈਠੇ ਕਿਸਾਨਾਂ ਨੂੰ 4 ਮਹੀਨੇ ਹੋ ਜਾਣਗੇ ਅਤੇ ਇਸ ਦਿਨ ਅੰਦੋਲਨ ਨੂੰ ਹੋਰ ਸੂਬਿਆਂ ’ਚ ਫੈਲਾਉਣ ਲਈ ਦੇਸ਼ ’ਚ ਪੂਰਨ ਬੰਦ ਰੱਖਿਆ ਜਾਵੇਗਾ। ਇਸ ਤਹਿਤ ਅਦਾਰੇ, ਸਨਅਤਾਂ, ਬੱਸਾਂ ਅਤੇ ਰੇਲਾਂ ਵੀ ਜਾਮ ਹੋਣਗੀਆਂ। ਹਾੜ੍ਹੀ ਅਤੇ ਸਾਉਣੀ ਦੀਆਂ ਰੁੱਤਾਂ ਦੌਰਾਨ ਵੀ ਮੋਰਚਾ ਜਾਰੀ ਰਹੇਗਾ। ਕਿਸਾਨ ਆਗੂ ਬੂਟਾ ਸਿੰਘ ਬੁਰਜਗਿੱਲ ਦੀ ਪ੍ਰਧਾਨਗੀ ਹੇਠ ਮੋਰਚੇ ਦੀ ਬੈਠਕ ਵਿੱਚ ਮਾਰਚ ਮਹੀਨੇ ਦੇ ਪ੍ਰੋਗਰਾਮ ਤੈਅ ਕੀਤੇ ਗਏ। ਸ੍ਰੀ ਬੂਟਾ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ 15 ਮਾਰਚ ਨੂੰ ਡੀਜ਼ਲ, ਪੈਟਰੋਲ ਅਤੇ ਰਸੋਈ ਗੈਸ ਦੀਆਂ ਵਧੀਆਂ ਕੀਮਤਾਂ ਖ਼ਿਲਾਫ਼ ਤੇ ਰੇਲਵੇ ਸਮੇਤ ਹੋਰ ਅਦਾਰਿਆਂ ਦੇ ਤੇਜ਼ੀ ਨਾਲ ਨਿੱਜੀਕਰਨ ਦੇ ਵਿਰੋਧ ’ਚ ਟਰੇਡ ਯੂਨੀਅਨਾਂ ਨਾਲ ਦੇਸ਼ ਪੱਧਰ ’ਤੇ ਐੱਸਡੀਐੱਮਜ਼ ਅਤੇ ਡੀਸੀਜ਼ ਨੂੰ ਮੰਗ ਪੱਤਰ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ 17 ਮਾਰਚ ਨੂੰ ਮੋਰਚੇ ਵੱਲੋਂ ਮਜ਼ਦੂਰ ਜਥੇਬੰਦੀਆਂ, ਵੱਖ-ਵੱਖ ਟਰਾਂਸਪੋਰਟਰਾਂ ਦੀਆਂ ਕੌਮੀ, ਸੂਬਾਈ ਜਥੇਬੰਦੀਆਂ ਤੇ ਹੋਰ ਯੂਨੀਅਨਾਂ ਨਾਲ ਮਿਲ ਕੇ ਸਿੰਘੂ ਬਾਰਡਰ ’ਤੇ ਕਨਵੈਂਸ਼ਨ ਕੀਤੀ ਜਾਵੇਗੀ ਜਿਸ ਵਿੱਚ 26 ਮਾਰਚ ਨੂੰ ਭਾਰਤ ਬੰਦ ਬਾਰੇ ਰੂਪ-ਰੇਖਾ ਉਲੀਕੀ ਜਾਵੇਗੀ। ਪੰਜਾਬ ਦੀ ਮੁਜ਼ਾਰਾ ਲਹਿਰ ਦੀ ਯਾਦ ’ਚ ਸਿੰਘੂ ਅਤੇ ਹੋਰ ਮੋਰਚਿਆਂ ਉਪਰ ਵੱਡੀ ਪੱਧਰ ’ਤੇ 19 ਮਾਰਚ ਨੂੰ ਪ੍ਰੋਗਰਾਮ ਹੋਣਗੇ। ਇਸ ਦਿਨ ‘ਮੰਡੀ ਬਚਾਓ, ਖੇਤੀ ਬਚਾਓ’ ਦਿਵਸ ਮਨਾਉਂਦਿਆਂ ਐੱਫਸੀਆਈ ਨੂੰ ਖ਼ਤਮ ਕਰਨ ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤੇ ਜਾਣਗੇ। ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਸਾਥੀਆਂ ਦੇ ਸ਼ਹਾਦਤ ਦਿਵਸ ਮੌਕੇ 23 ਮਾਰਚ ਨੂੰ ਦੇਸ਼ ਦੇ ਨੌਜਵਾਨਾਂ ਨੂੰ ਮੋਰਚਿਆਂ ਵਿੱਚ ਬਸੰਤੀ ਪੱਗਾਂ ਬੰਨ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। 28 ਮਾਰਚ ਨੂੰ ਹੋਲੀ ਤੇ ਹੋਲਾ ਮਹੱਲਾ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਜਿਸ ਦੀ ਰੂਪ ਰੇਖਾ ਉਲੀਕ ਕੇ ਦੱਸੀ ਜਾਵੇਗੀ।


DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

ਸੰਪਰਕ- ਸੰਨੀ ਸੰਧਰ 604-727-2421

# ਤੀਰਥ ਸਿੰਘ ਰਾਵਤ ਨੇ ਉਤਰਾਖੰਡ ਦੇ ਨਵੇਂ ਮੁੱਖ ਮੰਤਰੀ ਵਜੋਂ ਹਲਫ਼ ਲਿਆ

ਦੇਹਰਾਦੂਨ-ਪੌੜੀ ਗੜ੍ਹਵਾਲ ਤੋਂ ਭਾਜਪਾ ਦੇ ਸੰਸਦ ਮੈਂਬਰ ਤੀਰਥ ਸਿੰਘ ਰਾਵਤ ਨੇ ਉੱਤਰਾਖੰਡ ਦੇ ਨਵੇਂ ਮੁੱਖ ਮੰਤਰੀ ਵਜੋਂ ਹਲਫ਼ ਲੈ ਲਿਆ ਹੈ। ਪਾਰਟੀ ਨੇ ਸਵੇਰੇ ਉਨ੍ਹਾਂ ਨੂੰ ਤ੍ਰਿਵੇਂਦਰ ਸਿੰਘ ਰਾਵਤ ਦੀ ਥਾਂ 'ਤੇ ਭਾਜਪਾ ਵਿਧਾਇਕ ਦਲ ਦਾ ਆਗੂ ਚੁਣ ਲਿਆ ਸੀ। ਸ੍ਰੀ ਤੀਰਥ ਸਿੰਘ ਰਾਵਤ ਨੂੰ ਸਹੁੰ ਉੱਤਰਾਖੰਡ ਦੀ ਰਾਜਪਾਲ ਬੇਬੀ ਰਾਣੀ ਮੌਰਿਆ ਨੇ ਰਾਜ ਭਵਨ 'ਚ ਸਾਦੇ ਸਮਾਗਮ ਦੌਰਾਨ ਚੁਕਾਈ। ਸ੍ਰੀ ਰਾਵਤ ਨੇ ਇਕੱਲਿਆਂ ਹੀ ਹਲਫ਼ ਲਿਆ ਹੈ ਜਿਸ ਤੋਂ ਭਾਵ ਹੈ ਕਿ ਉਨ੍ਹਾਂ ਦੇ ਕੈਬਨਿਟ ਸਾਥੀ ਬਾਅਦ 'ਚ ਸਹੁੰ ਚੁੱਕਣਗੇ। ਉਨ੍ਹਾਂ ਉੱਤਰਾਖੰਡ ਦੀ ਅਜਿਹੇ ਸਮੇਂ 'ਚ ਕਮਾਨ ਸੰਭਾਲੀ ਹੈ ਜਦੋਂ ਸੂਬੇ 'ਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਭਾਜਪਾ ਧੜਿਆਂ 'ਚ ਵੰਡੀ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਰਾਵਤ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਕੀ ਅਤੇ ਜਥੇਬੰਦੀ ਦਾ ਤਜਰਬਾ ਸੂਬੇ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਵੇਗਾ। ਇਸ ਤੋਂ ਪਹਿਲਾਂ ਵਿਧਾਇਕ ਦਲ ਦੀ ਹੋਈ ਬੈਠਕ 'ਚ ਮੁੱਖ ਮੰਤਰੀ ਅਹੁਦੇ ਤੋਂ ਹਟੇ ਤ੍ਰਿਵੇਂਦਰ ਸਿੰਘ ਰਾਵਤ ਨੇ ਉਨ੍ਹਾਂ ਦੇ ਨਾਮ ਦਾ ਐਲਾਨ ਕੀਤਾ।

ਆਪਣੇ ਘਰ ਨੂੰ ਸੁਰੱਖ਼ਿਅਤ ਬਣਾਓ
Super Bug
PEST CONTROL
ਅਸੀ ਹੇਠ ਲਿਖ਼ੀਆਂ ਸੇਵਾਵਾਂ 'ਚ ਮਾਹਰ ਹਾਂ:
• ਕੀੜੀਆਂ
• ਬੈਡ ਦੇ ਖਟਮਲ ਤੋਂ ਨਿਅੰਤਰਣ
• ਪੰਛੀਆਂ ਤੋਂ ਨਿਅੰਤਰਣ
• ਮਧੂਮੱਖੀਆਂ ਤੋਂ ਨਿਅੰਤਰਣ
• ਕਾਕਰਚ
• ਮੱਖੀਆਂ ਤੇ ਜੂਆਂ
• ਰਕੂਨਸ ਤੇ ਗਿਲਿਹਰੀਆਂ
• ਚੂਹਿਆਂ, ਮਕੜੀਆਂ ਤੇ ਜੰਗਲੀ ਜਨਜੀਵਨ ਤੋਂ ਨਿਅੰਤਰਣ
RESIDENTIAL PEST CONTROL
ਮੋਹੰਮਦ ਅਵਾਨ
ਸਰਟੀਫਾਈਡ ਸਰਵਿਸ ਸਪੈਸ਼ਲਿਸਟ
info@superbugpest.com
www.superbugpest.com
Ph: 604-614-8008
ਪ੍ਰੋਫ਼ੈਸ਼ਨਲ ਸੇਵਾਵਾਂ ਵਾਜਬ ਦਾਮ





# ਮਮਤਾ ਬੈਨਰਜੀ ਫੱਟੜ ਹੋਣ ਮਗਰੋਂ ਹਸਪਤਾਲ ਦਾਖ਼ਲ

[ਸਫ਼ਾ 3 ਦੀ ਬਾਕੀ]

ਕਰਾਰ ਦਿੱਤਾ ਹੈ। ਮਮਤਾ ਕੋਲ ਜ਼ੈੱਡ-ਪਲੱਸ ਸੁਰੱਖਿਆ ਹੈ ਤੇ ਉਹ ਪਿਛਲੇ ਦੋ ਦਿਨਾਂ ਤੋਂ ਇਸ ਇਲਾਕੇ ਵਿਚ ਚੋਣ ਪ੍ਰਚਾਰ ਕਰ ਰਹੇ ਹਨ। ਇਸ ਦੌਰਾਨ ਪੱਛਮੀ ਬੰਗਾਲ ਕਾਂਗਰਸ ਨੇ ਮਮਤਾ ਬੈਨਰਜੀ ਦੇ ਕੁਝ ਲੋਕਾਂ ਵੱਲੋਂ ਕੀਤੇ 'ਹਮਲੇ' ਵਿੱਚ ਜ਼ਖ਼ਮੀ ਹੋਣ ਨੂੰ 'ਹਮਦਰਦੀ ਲਈ ਕੀਤਾ ਡਰਾਮਾ ਤੇ ਪਖੰਡ' ਕਰਾਰ ਦਿੱਤਾ ਹੈ। ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਨੰਦੀਗ੍ਰਾਮ ਵਿੱਚ 'ਸੇਕ ਲੱਗਣ ਦੇ ਅਹਿਸਾਸ' ਮਗਰੋਂ ਮਮਤਾ ਮਹਿਜ਼ 'ਡਰਾਮਾ' ਕਰ ਰਹੀ ਹੈ। ਉਧਰ ਪੱਛਮੀ ਬੰਗਾਲ ਦੇ ਰਾਜਪਾਲ ਜਗਦੀਪ ਧਨਖੜ ਨੇ ਹਸਪਤਾਲ ਜਾ ਕੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਖ਼ਬਰਸਾਰ ਲਈ।

## ਸਮਰਥਕਾਂ ਨੂੰ ਸ਼ਾਂਤੀ ਬਰਕਰਾਰ ਰੱਖਣ ਦੀ ਅਪੀਲ

ਕੋਲਕਾਤਾ-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਸਥਿਤੀ ਹੁਣ ਸਥਿਰ ਹੈ ਅਤੇ ਸੱਟਾਂ ਦੀ ਗੰਭੀਰਤਾ ਦਾ ਪਤਾ ਲਾਉਣ ਲਈ ਡਾਕਟਰਾਂ ਵੱਲੋਂ 'ਸੀਟੀ ਸਕੈਨ' ਸਮੇਤ ਕਈ ਹੋਰ ਟੈਸਟ ਕਰਵਾਉਣ ਦੀ ਤਿਆਰੀ ਹੈ। ਬੈਨਰਜੀ ਨੇ ਸ਼ਾਮ ਨੂੰ ਪੂਰਬੀ ਮੇਦਿਨੀਪੁਰ ਜ਼ਿਲ੍ਹੇ ਦੇ ਨੰਦੀਗਰਾਮ ਵਿੱਚ ਕਥਿਤ ਹਮਲੇ ਤੋਂ ਬਾਅਦ ਛਾਤੀ ਵਿੱਚ ਦਰਦ ਅਤੇ ਸਾਹ ਦੀ ਤਕਲੀਫ ਦੀ ਸ਼ਿਕਾਇਤ ਕੀਤੀ ਸੀ ਅਤੇ ਉਨ੍ਹਾਂ ਨੂੰ ਇਥੋਂ ਦੇ ਸਰਕਾਰੀ ਐਸ ਐਸ ਕੇ ਐਮ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਜਾਂਚ ਤੋਂ ਪਤਾ ਲੱਗਿਆ ਹੈ ਕਿ ਮਮਤਾ ਦੇ ਖੱਬੇ ਗਿੱਟੇ ਤੇ ਪੈਰ 'ਤੇ ਗੰਭੀਰ ਸੱਟਾਂ ਹਨ ਤੇ ਉਨ੍ਹਾਂ ਦੇ ਸੱਜੇ ਮੋਢੇ, ਹੱਥ ਤੇ ਗਲ 'ਤੇ ਸੱਟਾਂ ਹਨ। ਇਸ ਦੌਰਾਨ ਮਮਤਾ ਬੈਨਰਜੀ ਨੇ ਆਪਣੇ ਸਮਰਥਕਾਂ ਨੂੰ ਸ਼ਾਂਤੀ ਬਰਕਰਾਰ ਰੱਖਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਉਹ ਅਜਿਹਾ ਕੁੱਝ ਨਾਲ ਕਰਨ ਜਿਸ ਨਾਲ ਆਮ ਜਨਤਾ ਨੂੰ ਪ੍ਰੇਸ਼ਾਨੀ ਹੋਵੇ। ਉਨ੍ਹਾਂ ਹਸਪਤਾਲ ਤੋਂ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਉਹ ਕੁੱਝ ਦਿਨਾਂ ਵਿੱਚ ਚੋਣ ਪ੍ਰਚਾਰ ਕਰਨਗੇ ਤੇ ਜੇ ਲੋੜ ਪਈ ਤਾਂ ਪ੍ਰਚਾਰ ਵ੍ਹੀਲ ਚੇਅਰ 'ਤੇ ਕਰਨਗੇ।

# ਹਰਿਆਣਾ ਦੀ ਖੱਟਰ ਸਰਕਾਰ ਨੇ ਭਰੋਸੇ ਦਾ ਵੋਟ ਜਿੱਤਿਆ

[ਸਫ਼ਾ 3 ਦੀ ਬਾਕੀ]

ਇਸੇ ਦੌਰਾਨ ਜੇਜੇਪੀ ਵਿਧਾਇਕ ਰਾਮ ਕੁਮਾਰ ਗੌਤਮ ਨੇ ਤਿੰਨੇ ਖੇਤੀ ਕਾਨੂੰਨਾਂ ਨੂੰ ਤਿੰਨ ਸਾਲ 2 ਮਹੀਨੇ ਲਈ ਮੁਅੱਤਲ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਤਿੰਨ ਸਾਲ ਦੋ ਮਹੀਨੇ ਬਾਅਦ ਸਾਲ 2024 ਦੀਆਂ ਲੋਕ ਸਭਾ ਚੋਣਾਂ ਹੋਣਗੀਆਂ। ਉਨ੍ਹਾਂ ਚੋਣਾਂ ਵਿੱਚ ਨਰਿੰਦਰ ਮੋਦੀ ਜਿੱਤ ਹਾਸਿਲ ਕਰਦੇ ਹਨ ਤਾਂ ਤਿੰਨਾਂ ਕਾਨੂੰਨਾਂ ਨੂੰ ਲਾਗੂ ਕਰ ਦੇਣ। ਸ੍ਰੀ ਗੌਤਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਪੰਜਾਬ ਦੇ ਲੋਕਾਂ ਨਾਲ ਬੈਠ ਕੇ ਹਰਿਆਣਾ ਨੂੰ ਉਸ ਦੇ ਹਿੱਸੇ ਦਾ ਪਾਣੀ ਦਿਵਾਉਣ। ਜੇਜੇਪੀ ਵਿਧਾਇਕ ਜੋਗੀਰਾਮ ਸਿਹਾਗ ਨੇ ਸੂਬਾ ਸਰਕਾਰ ਤੋਂ ਐੱਮਐੱਸਪੀ 'ਤੇ ਫ਼ਸਲਾਂ ਦੀ ਖਰੀਦ ਦੀ ਗਰੰਟੀ ਵਾਲਾ ਕਾਨੂੰਨ ਬਣਾਉਣ ਦੀ ਮੰਗ ਕੀਤੀ। ਕਾਂਗਰਸੀ ਵਿਧਾਇਕ ਕਿਰਨ ਚੌਧਰੀ ਨੇ ਵੀ ਖੇਤੀ ਕਾਨੂੰਨਾਂ ਦੀ ਗੱਲ ਕਰਦਿਆਂ ਸਰਕਾਰ ਨੂੰ ਘੇਰਿਆ।

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

## ਸੰਪਾਦਕੀ

# ਕੋਵਿਡ ਮਹਾਂਮਾਰੀ ਦੌਰਾਨ ਰੀਅਲ ਇਸਟੇਟ ਮਾਰਕੀਟ ਵਿਚ ਅਣਕਿਆਸਾ ਉਛਾਲ ਚਿੰਤਾਜਨਕ...

**ਸੁਖਵਿੰਦਰ ਸਿੰਘ ਚੋਹਲਾ**

ਕੋਵਿਡ ਮਹਾਂਮਾਰੀ ਕਾਰਣ ਪੂਰੇ ਵਿਸ਼ਵ ਦੀ ਅਰਥ ਵਿਵਸਥਾ ਡਗਮਗਾ ਗਈ ਹੈ। ਹੋਰ ਮੁਲਕਾਂ ਵਾਂਗ ਕੈਨੇਡਾ ਦੀ ਅਰਥ ਵਿਵਸਥਾ ਉਪਰ ਵੀ ਇਸਦੇ ਡੂੰਘੇ ਅਸਰ ਕਾਰਣ ਮੰਦਵਾੜੇ ਵਾਲੀ ਹਾਲਤ ਬਣੀ ਪਈ ਹੈ। ਟਰੂਡੋ ਸਰਕਾਰ ਵਲੋਂ ਕੋਵਿਡ ਖਿਲਾਫ ਜੰਗ ਲਈ ਆਰੰਭੇ ਵੱਖ -ਵੱਖ ਰਾਹਤ ਪ੍ਰੋਗਰਾਮਾਂ ਤਹਿਤ ਪਹਿਲੇ 8 ਮਹੀਨਿਆਂ ਵਿਚ 240 ਅਰਬ ਡਾਲਰ ਖਰਚ ਕੀਤੇ ਜਾ ਚੁੱਕੇ ਹਨ। ਰਾਹਤ ਪ੍ਰੋਗਰਾਮਾਂ ਲਈ ਭਾਰੀ ਭਰਕਮ ਖਰਚ ਕਾਰਣ ਅਤੇ ਮਾਲੀਏ ਵਿਚ ਵੱਡੀ ਗਿਰਾਵਟ ਦੇ ਸਿੱਟੇ ਵਜੋ ਬਜਟ ਘਾਟਾ 232 ਅਰਬ ਡਾਲਰ ਅਨੁਮਾਨਿਤ ਕੀਤਾ ਗਿਆ ਹੈ। ਕੈਨੇਡਾ ਐਮਰਜੈਂਸੀ ਵੇਜ ਸਬਸਿਡੀ ਪ੍ਰੋਗਰਾਮ ਦੀ ਮਿਆਦ ਵਿਚ ਵਾਧੇ ਦੇ ਬਾਵਜੂਦ ਕੰਪਨੀਆਂ ਕਾਮਿਆਂ ਦੀ ਛਾਂਟੀ ਲਈ ਮਜ਼ਬੂਰ ਹਨ। ਸਾਲ 1976 ਤੋ ਬਾਦ ਪਹਿਲੀ ਵਾਰ ਸਾਲ 2020 ਦੌਰਾਨ ਬੇਰੁਜਗਾਰੀ ਦੀ ਦਰ 14 ਪ੍ਰਤੀਸ਼ਤ ਤੋ ਉਪਰ ਆਂਕੀ ਗਈ ਹੈ। ਸਰਕਾਰ ਨੂੰ ਕਈ ਵੱਡੇ ਪ੍ਰਾਜੈਕਟਾਂ ਨੂੰ ਮੁਲਤਵੀ ਕਰਨਾ ਪਿਆ ਹੈ। ਕੋਵਿਡ ਪਾਬੰਦੀਆਂ ਦੇ ਚਲਦਿਆਂ ਕੈਨੇਡਾ ਦੀ ਸੈਰ ਸੈਪਾਟਾ ਇੰਡਸਟਰੀ ਅਤੇ ਟਰੈਵਰ ਸੈਕਟਰ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਕਾਰੋਬਾਰ ਬੰਦ ਹੋ ਗਏ ਅਤੇ ਕਈ ਦਿਵਾਲੀਆ ਹੋਣ ਦੇ ਕਿਨਾਰੇ ਹਨ। ਮੁਲਕ ਦੀ ਕੁਲ ਘਰੇਲੂ ਉਤਪਾਦਿਕਤਾ (ਜੀਡੀਪੀ) ਸੁੰਗੜਕੇ 5.8 ਪ੍ਰਤੀਸ਼ਤ 'ਤੇ ਆ ਗਈ ਹੈ। ਆਰਥਿਕ ਮਾਹਿਰਾਂ ਮੁਤਾਬਿਕ ਮੁਲਕ ਦੇ ਇਸ ਆਰਥਿਕ ਸੰਕਟ ਵਿਚੋ ਉਭਰਨ ਦੀ 2024 ਤੱਕ ਉਮੀਦ ਕੀਤੀ ਜਾ ਸਕਦੀ ਹੈ। ਕੋਵਿਡ ਵੈਕਸੀਨ ਦੀ ਆਮਦ ਅਤੇ ਟੀਕਾਕਰਣ ਦੀ ਮੁਹਿੰਮ ਤੋ ਆਰਥਿਕਤਾ ਦੇ ਜਲਦ ਸੰਭਲਣ ਦੀ ਉਮੀਦ ਬਣੀ ਸੀ ਪਰ ਵੈਕਸੀਨੇਸ਼ਨ ਵਿਚ ਦੇਰੀ ਅਤੇ ਵੈਰੀਐਂਟ ਲਹਿਰ ਕਾਰਣ ਇਹਨਾਂ ਉਮੀਦਾਂ ਨੂੰ ਕਾਫੀ ਨੁਕਸਾਨ ਪੁੱਜਾ ਹੈ।

ਕੋਵਿਡ ਮਹਾਂਮਾਰੀ ਦੇ ਸਾਏ ਹੇਠ ਮੁਲਕ ਦੀ ਆਰਥਿਕਤਾ ਦੀ ਡਾਵਾਂਡੋਲ ਸਥਿਤੀ ਤਾਂ ਹੈ ਪਰ ਦੂਸਰੇ ਪਾਸੇ ਰੀਅਲ ਇਸਟੇਟ ਮਾਰਕੀਟ ਵਿਚ ਅਣਕਿਆਸੇ ਉਛਾਲ ਨੇ ਆਮ ਲੋਕਾਂ ਨੂੰ ਅਚੰਭਿਤ ਕਰ ਛੱਡਿਆ ਹੈ। ਡਾਵਾਂਡੋਲ ਆਰਥਿਕਤਾ ਦੇ ਬਾਵਜੂਦ ਕੈਨੇਡਾ ਦੇ ਮਹਾਂਨਗਰਾਂ ਤੇ ਇਲਾਵਾ ਦੁਰਾਡੇ ਖੇਤਰਾਂ ਵਿਚ ਰਿਹਾਇਸ਼ੀ ਘਰਾਂ ਦੀਆਂ ਕੀਮਤਾਂ ਵਿਚ ਹੱਦੋਂ ਬਾਹਰਾ ਵਾਧਾ ਲਗਾਤਾਰ ਜਾਰੀ ਹੈ।

ਟੋਰਾਂਟੋ ਅਤੇ ਵੈਨਕੂਵਰ ਵਰਗੇ ਮਹਾਂਨਗਰਾਂ ਵਿਚ ਤਾਂ ਰਿਹਾਇਸ਼ੀ ਘਰਾਂ ਦੀਆਂ ਕੀਮਤਾਂ ਅਸਮਾਨ ਛੋਹਣ ਲੱਗੀਆਂ ਹਨ। ਕੁਝ ਥਾਵਾਂ ਉਪਰ ਇਹ ਕੀਮਤਾਂ ਨੀਲਾਮੀ ਰਾਹੀਂ ਤਹਿ ਹੋਣ ਦੀਆਂ ਖਬਰਾਂ ਸਾਲ 2016 ਦੀ ਤੇਜ਼ੀ ਨੂੰ ਵੀ ਮਾਤ ਦੇਣ ਲੱਗੀਆਂ ਹਨ। ਫਰਵਰੀ ਮਹੀਨੇ ਲੋਅਰ ਮੇਨਲੈਂਡ ਏਰੀਏ ਵਿਚ ਪਿਛਲੇ 10 ਸਾਲ ਦੇ ਮੁਕਾਬਲੇ ਵਿਕਰੀ ਦਰ 43 ਪ੍ਰਤੀਸ਼ਤ ਉਪਰ ਰਹੀ। ਪਿਛਲੇ ਦੋ ਮਹੀਨੇ ਦੇ ਵਕਫੇ ਦੌਰਾਨ ਵਿਕੇ ਘਰਾਂ ਦੀਆਂ ਕੀਮਤਾਂ ਵਿਚ ਔਸਤ ਦੋ ਲੱਖ ਡਾਲਰ ਦੇ ਉਛਾਲ ਨੇ ਘਰ ਖ੍ਰੀਦਣਾ ਆਮ ਲੋਕਾਂ ਦੀ ਪਹੁੰਚ ਤੋ ਦੂਰ ਕਰ ਦਿੱਤਾ ਹੈ। ਰੀਅਲ ਇਸਟੇਟ ਮਾਰਕੀਟ ਵਿਚ ਬਿਜਨੈਸ ਕਰਨ ਵਾਲੇ ਏਜੰਟ ਜਾਂ ਬਿਲਡਰ ਅਸਮਾਨ ਛੂੰਹਦੀਆਂ ਕੀਮਤਾਂ ਨੂੰ ਵੇਖਦਿਆਂ ਖੁਸ਼ ਹੋ ਸਕਦੇ ਹਨ ਪਰ ਆਮ ਲੋਕਾਂ ਲਈ ਇਹ ਵੱਡੀ ਚਿੰਤਾ ਦਾ ਵਿਸ਼ਾ ਹੈ। ਅਸਮਾਨ ਛੂੰਹਦੀਆਂ ਕੀਮਤਾਂ ਜੇ ਇਕ ਖਰੀਦਦਾਰ ਲਈ ਪ੍ਰੇਸ਼ਾਨੀ ਦਾ ਕਾਰਣ ਹਨ ਤਾਂ ਲੰਬੇ ਸਮੇ ਤੋ ਇਹਨਾਂ ਘਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਪ੍ਰਾਪਰਟੀ ਟੈਕਸ ਦੀ ਅਦਾਇਗੀ ਵੀ ਚੁਭਦੀ ਹੈ। ਪੁਰਾਣੇ ਘਰ ਜੋ ਕਦੇ ਉਹਨਾਂ ਦੇ ਮਾਪਿਆਂ ਜਾਂ ਬਜੁਰਗਾਂ ਨੇ ਕੁਝ ਹਜ਼ਾਰਾਂ ਡਾਲਰ ਵਿਚ ਖਰੀਦੇ ਸਨ ਅੱਜ ਉਹਨਾਂ ਦੀ ਕੀਮਤ ਮਿਲੀਅਨ ਵਿਚ ਹੈ। ਨਵੇ ਖਰੀਦਦਾਰਾਂ ਨੂੰ ਇਹਨਾਂ ਸਧਾਰਣ ਘਰਾਂ ਦੀ ਖਰੀਦ ਲਈ ਹੀ ਮਿਲੀਅਨ ਡਾਲਰ ਦੇ ਸੌਦੇ ਕਰਨੇ ਪੈ ਰਹੇ ਹਨ। ਅਜਿਹੇ ਘਰ ਦੀ ਖਰੀਦ ਸਿੰਗਲ ਜਾਂ ਇਕੱਲੇ ਇਕਹਿਰੇ ਬੰਦੇ ਲਈ ਤਾਂ ਅਸੰਭਵ ਹੋ ਗਈ ਹੈ। ਸਾਲ 2016 ਵਿਚ ਵਿਕਣ ਵਾਲੇ ਇਕ ਆਮ ਘਰ ਉਪਰ ਇਸ ਸਮੇ ਔਸਤ ਦੋ ਤੋ ਢਾਈ ਲੱਖ ਵੱਧ ਕੀਮਤ ਅਦਾ ਕਰਨੀ ਪੈ ਰਹੀ ਹੈ। ਵੈਨਕੂਵਰ ਵਿਚ 5 ਸਾਲ ਪਹਿਲਾਂ ਜਿਸ ਘਰ ਦੀ ਕੀਮਤ ਸਾਢੇ 6 ਲੱਖ ਦੇ ਕਰੀਬ ਸੀ ਉਸਦੀ ਕੀਮਤ ਇਸ ਸਮੇ ਇਕ ਮਿਲੀਅਨ ਤੋ ਉਪਰ ਗਿਆਰਾਂ ਲੱਖ ਟੱਪ ਚੁੱਕੀ ਹੈ। ਮੈਟਰੋ ਸਿਟੀ ਤੋ ਇਲਾਵਾ ਬੀ ਸੀ ਦੇ ਅੰਦਰੂਨੀ ਖੇਤਰ ਵਿਚ ਘਰਾਂ ਦੀਆਂ ਕੀਮਤਾਂ ਵਿਚ ਵਾਧਾ ਵੀ ਅਣਕਿਆਸਿਆ ਹੈ। ਕਲੋਨਾ ਵਿਚ ਇਸ ਸਮੇ ਸਿੰਗਲ ਫੈਮਲੀ ਹੋਮ ਦੀ ਔਸਤ ਕੀਮਤ 7,75000 ਹੈ ਜਦੋਕਿ ਵੈਨਕੂਵਰ ਵਿਚ ਔਸਤ ਘਰ ਦੀ ਕੀਮਤ 1, 298,000 ਹੈ। ਕਲੋਨਾ ਵਿਚ ਇਹ ਵਾਧਾ 2 ਲੱਖ 7 ਹਜ਼ਾਰ ਡਾਲਰ ਹੈ ਜਦੋਕਿ ਵੈਨਕੂਵਰ ਵਿਚ ਲਗਪਗ ਸਾਢੇ 6 ਲੱਖ। ਮੈਰਿਟ ਸ਼ਹਿਰ ਜਿਸਦੀ ਆਬਾਦੀ ਕੇਵਲ 7000 ਤੋ ਥੋੜੀ ਉਪਰ ਹੈ, ਵਿਖੇ ਇਕ ਆਮ ਘਰ ਦੀ ਕੀਮਤ 200 ਪ੍ਰਤੀਸ਼ਤ ਤੋ ਜ਼ਿਆਦਾ ਵਧੀ ਹੈ। ਸਾਲ 2004 ਵਿਚ ਮੈਰਿਟ ਵਿਚ ਜਿਸ ਘਰ ਦੀ ਕੀਮਤ 150,000 ਸੀ ਉਹ ਘਰ ਅੱਜ 499,900 ਦਾ ਵਿਕ ਰਿਹਾ ਹੈ।

ਘਰਾਂ ਦੀਆਂ ਕੀਮਤਾਂ ਵਿਚ ਇਤਨੇ ਵੱਡੇ ਉਛਾਲ ਬਾਰੇ ਕੁਝ ਮੁੱਖ ਕਾਰਣ ਦੱਸੇ ਜਾ ਰਹੇ ਹਨ ਜਿਹਨਾਂ ਵਿਚ ਸਭ ਤੋ ਪਹਿਲਾ ਹੈ ਕਿ ਮੰਗ ਮੁਤਾਬਿਕ ਪੂਰਤੀ ਨਹੀ ਹੈ। ਘਰਾਂ ਦੀ ਉਸਾਰੀ ਘਟ ਹੋ ਰਹੀ ਹੈ ਤੇ ਮੰਗ ਜ਼ਿਆਦਾ ਹੈ। ਦੂਸਰਾ ਹੈ ਉਸਾਰੀ ਵਿਚ ਵਰਤੇ ਜਾਣ ਵਾਲੀ ਸਮੱਗਰੀ ਦੀਆਂ ਕੀਮਤਾਂ ਵਿਚ ਵਾਧਾ। ਲੱਕੜੀ ਦੀਆਂ ਦਰਾਂ ਵਿਚ ਵਾਧਾ ਤਾਂ ਹੋਇਆ ਪਰ ਚੀਨ ਤੋ ਆਉਣ ਵਾਲੀ ਸਮੱਗਰੀ ਜਿਸ ਵਿਚ ਮੈਟਲ, ਫਲੋਰਿੰਗ ਅਤੇ ਵਾਲ ਪੈਨਲ ਵਗੈਰਾ ਪ੍ਰਮੁੱਖ ਹਨ ਦੀਆਂ ਕੀਮਤਾਂ ਵਿਚ 10 ਤੋ 25 ਪ੍ਰਤੀਸ਼ਤ ਵਾਧਾ ਹੋ ਗਿਆ ਹੈ। ਤੀਸਰਾ ਬੀ ਸੀ ਵਿਚ ਜ਼ਮੀਨਾਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੈ। ਬੀ ਸੀ ਵਿਚ ਨਿੱਜੀ ਜ਼ਮੀਨ ਮਾਲਕੀ ਬਹੁਤ ਘੱਟ ਕੇਵਲ 5 ਪ੍ਰਤੀਸ਼ਤ ਹੈ। ਸੂਬੇ ਵਿਚ 94 ਪ੍ਰਤੀਸ਼ਤ ਜ਼ਮੀਨ ਕਰਾਊਨ ਲੈਂਡ ਹੈ ਜਦੋਕਿ 1 ਪ੍ਰਤੀਸ਼ਤ ਦੀ ਫੈਡਰਲ ਮਾਲਕੀ ਹੈ। ਇਹਨਾਂ ਮੁੱਖ ਤੱਤਾਂ ਕਾਰਣ ਘਰਾਂ ਦੀਆਂ ਕੀਮਤਾਂ ਵਿਚ ਵਾਧਾ ਮੰਨਿਆ ਜਾ ਸਕਦਾ ਹੈ ਪਰ ਇਸਤੋ ਵੀ ਅੱਗੇ ਹੈ, ਬੈਂਕਾਂ ਵਲੋ ਵਿਆਜ਼ ਦਰ ਵਿਚ ਭਾਰੀ ਕਮੀ ਕਰਨਾ। ਵਿਆਜ਼ ਦਰਾਂ ਵਿਚ ਕਮੀ ਅਤੇ ਬੈਂਕ ਕਰਜਿਆਂ ਵਿਚ ਸਹੂਲੀਅਤ ਨੇ ਲੋਕਾਂ ਨੂੰ ਵੱਡੇ ਪੱਧਰ ਉਪਰ ਘਰਾਂ ਦੀ ਖਰੀਦ ਲਈ ਉਤਸ਼ਾਹਿਤ ਕੀਤਾ ਹੈ। ਆਰਥਿਕ ਮਾਹਿਰਾਂ ਮੁਤਾਬਿਕ ਘਰਾਂ ਦੀ ਮਾਰਕੀਟ ਵਿਚ ਤੇਜ਼ੀ ਦਾ ਵੱਡਾ ਕਾਰਣ ਮਿਲੇਨੀਅਮ ਜਨਰੇਸ਼ਨ ( ਨਵੀ ਪੀੜੀ) ਦਾ ਉਤਸ਼ਾਹਜਨਕ ਰੁਝਾਨ ਵੀ ਹੈ। ਇਹ ਉਹ ਪੀੜੀ ਹੈ ਜਿਸਨੂੰ ਡਾਊਨ ਪੇਮੈਂਟ ਲਈ ਆਪਣੇ ਮਾਪਿਆਂ ਜਾਂ ਬਜੁਰਗਾਂ ਦੀ ਹੱਲਾਸ਼ੇਰੀ ਮਿਲ ਰਹੀ ਹੈ। ਇਕ ਤਾਜ਼ਾ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਲਗਪਗ 48 ਪ੍ਰਤੀਸ਼ਤ ਘਰਾਂ ਦੇ ਮਾਲਕ ਉਹ ਲੋਕ ਹਨ ਜਿਹਨਾਂ ਦੀ ਉਮਰ 25 ਤੋ 35 ਸਾਲ ਦੇ ਦਰਮਿਆਨ ਹੈ ਤੇ ਇਹਨਾਂ ਲੋਕਾਂ ਵਲੋ ਇਹ ਪ੍ਰਾਪਰਟੀ ਮਹਾਂਮਾਰੀ ਦੇ ਸਮੇਂ ਦੌਰਾਨ ਹੀ ਖਰੀਦੀ ਗਈ ਹੈ। ਸਰਵੇ ਮੁਤਾਬਿਕ ਨਵੀਂ ਪੀੜੀ ਦੇ 84 ਪ੍ਰਤੀਸ਼ਤ ਲੋਕ ਜੋ ਇਸ ਸਮੇ ਘਰਾਂ ਦੇ ਮਾਲਕ ਨਹੀ ਹਨ, ਉਹਨਾਂ ਨੇ ਵੀ ਅਗਲੇ 5 ਸਾਲਾਂ ਦੌਰਾਨ ਆਪਣਾ ਘਰ ਖਰੀਦਣ ਦੀ ਇੱਛਾ ਜ਼ਾਹਰ ਕੀਤੀ ਹੈ। ਘਰਾਂ ਦੀ ਮਾਰਕੀਟ ਵਿਚ ਤੇਜ਼ੀ ਦੇ ਨਾਲ ਦੱਖਣੀ ਏਸ਼ੀਅਨ ਲੋਕਾਂ ਦੀ ਵੀ ਅਹਿਮ ਭੂਮਿਕਾ ਸਮਝੀ ਜਾਂਦੀ ਹੈ। ਇਕ ਹੋਰ ਸਰਵੇ ਮੁਤਾਬਿਕ ਕੈਨੇਡਾ ਵਿਚ ਦੱਖਣੀ ਏਸ਼ੀਅਨ ਲੋਕਾਂ ਵਿਚ ਦੂਸਰੇ ਲੋਕਾਂ ਨਾਲੋਂ ਘਰ ਖਰੀਦਣ ਦੀ ਪ੍ਰਵਿਰਤੀ ਚਾਰ ਗੁਣਾਂ ਜ਼ਿਆਦਾ ਹੈ। ਕੈਨੇਡਾ ਵਿਚ ਸਾਊਥ ਏਸ਼ੀਅਨ ਭਾਈਚਾਰੇ ਦੀ ਜਨਸੰਖਿਆ 20 ਲੱਖ ਦੇ ਕਰੀਬ ਹੈ। ਇਹ ਲੋਕ ਵੱਡੀ ਪੱਧਰ ਉਪਰ ਟੋਰਾਂਟੋ ਅਤੇ ਵੈਨਕੂਵਰ ਖੇਤਰ ਵਿਚ ਆਬਾਦ ਹਨ। 10 ਦੱਖਣੀ ਏਸ਼ੀਅਨ ਬਾਲਗਾਂ ਵਿਚ 9 ਦਾ ਜਨਮ ਇਸ ਦੇਸ਼ ਵਿਚ ਨਹੀਂ ਹੋਇਆ। ਜਿਨ੍ਹਾਂ ਲੋਕਾਂ ਦਾ ਜਨਮ ਇਥੇ ਨਹੀਂ ਹੋਇਆ ਉਨ੍ਹਾਂ ਵਿਚੋਂ 60 ਫ਼ੀਸਦੀ ਕੈਨੇਡੀਅਨ ਨਾਗਰਿਕ ਹਨ, 37 ਫ਼ੀਸਦੀ ਪੀ ਆਰ ਅਤੇ ਲੱਗਪਗ 4 ਫ਼ੀਸਦੀ ਅੰਤਰਰਾਸ਼ਟਰੀ ਵਿਦਿਆਰਥੀ ਜਾਂ ਆਰਜੀ ਵਰਕਰ ਹਨ। ਸਰਵੇਖਣ ਮੁਤਾਬਿਕ ਦੱਖਣੀ ਏਸ਼ੀਅਨਾਂ ਵਿਚ ਮਕਾਨ ਦੀ ਮਾਲਕੀ ਬਹੁਤ ਮਹੱਤਵਪੂਰਣ ਹੈ। ਇਹਨਾਂ ਵਿਚ ਔਸਤਨ ਕੈਨੇਡੀਅਨਾਂ ਨਾਲੋਂ ਘਰ ਖਰੀਦਣ ਦੀ ਵਧੇਰੇ ਰੁਚੀ ਦਾ ਕਾਰਣ ਉਹਨਾਂ ਦਾ ਪਰਿਵਾਰਕ ਸਭਿਆਚਾਰ ਹੈ। ਉਨ੍ਹਾਂ ਦੇ ਮਾਪਿਆਂ ਦੀ ਸਿੱਖਿਆ ਹੈ ਕਿ ਕਿਰਾਏ 'ਤੇ ਰਹਿਣਾ ਪੈਸੇ ਦੀ ਬਰਬਾਦੀ ਹੈ। ਦੱਖਣੀ ਏਸ਼ੀਅਨ ਸਭਿਆਚਾਰ ਵਿਚ ਆਪਣੀ ਜ਼ਮੀਨ ਤੇ ਮਕਾਨ ਮਾਲਕ ਹੋਣਾ ਵੱਕਾਰ ਦਾ ਸਵਾਲ ਹੈ। ਆਪਣੇ ਇਕ ਘਰ ਤੋ ਬਾਦ ਇਕ ਹੋਰ ਘਰ ਖਰੀਦਣ ਨੂੰ ਆਮਦਨ ਵਧਾਉਣ ਦੀ ਕੁੰਜੀ ਵਜੋਂ ਵੀ ਦੇਖਿਆ ਜਾਂਦਾ ਹੈ।

ਵੈਨਕੂਵਰ ਵਿਚ ਘਰਾਂ ਦੀਆਂ ਕੀਮਤਾਂ ਵਿਚ ਵੱਡੇ ਉਛਾਲੇ ਦੇ ਕਈ ਕਾਰਣਾਂ ਵਿਚੋ ਕੁਝ ਇਕ ਦੀ ਨਿਸ਼ਾਨਦੇਹੀ ਸਪੱਸ਼ਟ ਹੈ ਪਰ ਸਰਕਾਰ ਲਈ ਰਾਹਤ ਵਾਲੀ ਗੱਲ ਇਹ ਹੈ ਕਿ ਮਹਾਂਮਾਰੀ ਦੇ ਦਿਨਾਂ ਦੌਰਾਨ ਲੋਕਾਂ ਵਿਚ ਸਰਕਾਰ ਪ੍ਰਤੀ ਕੋਈ ਵੱਡਾ ਰੋਸ ਦਿਖਾਈ ਨਹੀ ਦਿੱਤਾ। ਕਿਤੇ ਵੀ ਲੋਕ ਰੀਅਲ ਇਸਟੇਟ ਘਪਲੇ ਖਿਲਾਫ ਬੈਨਰ ਲੈਕੇ ਸੜਕਾਂ ਉਪਰ ਨਹੀ ਆਏ। ਕਿਸੇ ਨੇ ਵੀ ਰਾਤੋ ਰਾਤ ਕੀਮਤਾਂ ਵਿਚ ਹੋ ਰਹੇ ਵਾਧੇ ਖਿਲਾਫ ਸਰਕਾਰ ਕੋਲ ਸ਼ਿਕਾਇਤ ਨਹੀ ਕੀਤੀ। ਕੋਈ ਆਨਲਾਈਨ ਪਟੀਸ਼ਨ ਨਹੀ ਪਾਈ। ਸੂਬੇ ਦੀਆਂ ਰੀਅਲ ਇਸਟੇਟ ਨੀਤੀਆਂ ਨੂੰ ਕਿਸੇ ਅਦਾਲਤ ਵਿਚ ਚੁਣੌਤੀ ਨਹੀ ਦਿੱਤੀ । ਪਿਛਲੀ ਲਿਬਰਲ ਸਰਕਾਰ ਦੇ ਸਮੇਂ ਘਰਾਂ ਦੀਆਂ ਕੀਮਤਾਂ ਵਿਚ ਉਛਾਲ ਇਕ ਵੱਡਾ ਮੁੱਦਾ ਬਣਿਆ ਸੀ। ਲਗਪਗ 7.5 ਅਰਬ ਡਾਲਰ ਕਾਲਾ ਧਨ ਆਉਣ ਦੀਆਂ ਖਬਰਾਂ ਦੇ ਨਾਲ 5 ਅਰਬ ਡਾਲਰ ਰੀਅਲ ਇਸਟੇਟ ਵਿਚ ਖਪਤ ਹੋਣ ਦੀ ਚਰਚਾ ਹੋਈ ਸੀ। ਬਿਨਾਂ ਸ਼ੱਕ ਕੋਵਿਡ ਪਾਬੰਦੀਆਂ ਦੇ ਚਲਦਿਆਂ ਹੁਣ ਵਿਦੇਸ਼ੀ ਕਾਲੇ ਧਨ ਦੀ ਆਮਦ ਵਿਚ ਕਈ ਰੋਕਾਂ ਹਨ ਪਰ ਚਰਚਾ ਹੈ ਕਿ ਧਨ ਕੁਬੇਰਾਂ ਨੇ ਕੈਨੇਡਾ ਵਿਚ ਨਿਵੇਸ਼ ਦੇ ਕਈ ਹੋਰ ਢੰਗ ਤਰੀਕੇ ਖੋਜ ਰੱਖੇ ਹਨ। ਰੀਅਲ ਇਸਟੇਟ ਮਾਰਕੀਟ ਵਿਚ ਰਾਤੋ ਰਾਤ ਕੀਮਤਾਂ ਵਿਚ ਅਣਕਿਆਸੇ ਉਛਾਲੇ ਪਿੱਛੇ ਇਹੀ ਤਾਕਤਾਂ ਕੰਮ ਕਰ ਰਹੀਆਂ ਹਨ। ਪਿਛਲੇ ਦਿਨੀਂ ਚੀਨ ਨੇ ਹਾਂਗਕਾਂਗ ਵਿਚ ਵਸਦੇ ਦੋਹਰੀ ਨਾਗਰਿਕਤਾ ਵਾਲੇ ਲੋਕਾਂ ਨੂੰ, ਜਿਹਨਾਂ ਵਿਚ 3 ਲੱਖ ਦੇ ਕਰੀਬ ਕੈਨੇਡੀਅਨ ਨਾਗਰਿਕ ਸ਼ਾਮਿਲ ਹਨ, ਨੋਟਿਸ ਜਾਰੀ ਕੀਤੇ ਹਨ ਕਿ ਉਹ ਕੇਵਲ ਇਕ ਨਾਗਰਿਕਤਾ ਹੀ ਰੱਖ ਸਕਦੇ ਹਨ। ਅਜਿਹੀ ਸੂਰਤ ਵਿਚ ਹਾਂਗਕਾਂਗ ਵਿਚ ਰਹਿ ਰਹੇ ਤਿੰਨ ਲੱਖ ਕੈਨੇਡੀਅਨ ਨਾਗਰਿਕਾਂ ਚੋ ਬਹੁ ਗਿਣਤੀ ਲੋਕਾਂ ਦੇ ਕੈਨੇਡਾ ਪਰਤਣ ਦੀ ਸੰਭਾਵਨਾ ਹੈ। ਰੀਅਲ ਇਸਟੇਟ ਮਾਰਕੀਟ ਉਪਰ ਕਾਬਜ਼ ਲੋਕ ਭਵਿੱਖ ਦੀ ਇਸ ਤਸਵੀਰ ਨੂੰ ਵੇਖਦਿਆਂ ਧੜਾ ਧੜ ਰੀਅਲ ਇਸਟੇਟ ਵਿਚ ਪੂੰਜੀ ਨਿਵੇਸ਼ ਲਈ ਯਤਨਸ਼ੀਲ ਹਨ। ਮਾਹਿਰਾਂ ਮੁਤਾਬਿਕ ਇਹ ਸਥਿਤੀ 2016 ਦੀ ਤੇਜ਼ੀ ਨਾਲੋ ਵੀ ਬਦਤਰ ਹੋ ਸਕਦੀ ਹੈ। ਉਸ ਸਮੇਂ ਲੋਕ ਵਿਰੋਧ ਕਾਰਣ ਹੀ ਸਰਕਾਰ ਨੇ ਵਿਦੇਸ਼ੀ ਖਰੀਦਦਾਰ ਟੈਕਸ, ਸਪੈਕੁਲੇਸ਼ਨ, ਵੇਕੈਂਸੀ ਟੈਕਸ ਅਤੇ ਕੁਝ ਹੋਰ ਕਦਮ ਉਠਾਏ ਸਨ। ਇਸ ਤੇਜ਼ੀ ਨੂੰ ਆਰਥਿਕ ਬੱਬਲ ਦਾ ਨਾਮ ਦਿੱਤਾ ਜਾ ਰਿਹਾ ਹੈ। ਕੋਵਿਡ ਮਹਾਂਮਾਰੀ ਦੌਰਾਨ ਜਦੋ ਕਈ ਕਿ ਕਾਰੋਬਾਰ ਠੱਪ ਹਨ ਅਤੇ ਆਮਦਨ ਦੇ ਸਰੋਤ ਪ੍ਰਭਾਵਿਤ ਹਨ ਤਾਂ ਰੀਅਲ ਇਸਟੇਟ ਮਾਰਕੀਟ ਦੀ ਅਣਕਿਆਸੀ ਤੇਜ਼ੀ ਕਿਸੇ ਹੋਰ ਆਰਥਿਕ ਜਾਂ ਸਮਾਜਿਕ ਬਿਪਤਾ ਨੂੰ ਸੱਦਾ ਤਾਂ ਨਹੀਂ ?

CAN-AM LUMBER MILL

WE CAN NOW SUPPLY COMPLETE HOME PACKAGE

Engineered Floor Joists, Roof Trusses

All the Framing lumber, Plywoods for Floors, Walls & Roof

**Always Low Prices**

2X6X8' Kiln Dry Fir **$4.95 EA**

1X4 Red Cedar 10' **$2.95 EA**

4X8X3/8" Paint Grade Plywood **$21.95 EA**

4X8X1/2" Paint Grade Plywood **$29.95 EA**

*APNA PUNJABI LUMBER YARD*

RING: MALKIT OR SAM SANGHA

604-580-1415

11635 130th St., Surrey, FAX: 604-580-1528

Email: can-ambuildingsupply@shaw.ca

*We Deliver to Your Job Site (Even to the Moon)*

"Where the Builders Buy"

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANTS



Ph: 604-593-6622
Fax: 604-593-6615
Unit 204 - 7928 128 St.
(York Business Centre) Surrey



HARDEV SINGH GREWAL
Mortgage Consultant
Cell: 604-500-3920

www.homelandmortgage.ca, homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਨਿਊਜ਼ੀਲੈਂਡ ਵਿੱਚ ਬੀਤੇ ਦਿਨੀਂ ਸੜੀ ਗੱਡੀ ਵਿਚ ਮਾਰੇ ਗਏ ਪੰਜਾਬੀ ਮੁੰਡੇ ਦੀ ਪਛਾਣ

ਆਕਲੈਂਡ-ਨਿਊਜ਼ੀਲੈਂਡ ਪੁਲਸ ਨੇ ਕੱਲ੍ਹ ਦੱਸਿਆ ਕਿ ਬੈਰੀ ਕਰਟਿਸ ਪਾਰਕ, ਚੈਪਲ ਰੋਡ, ਫਲੈਟ ਬੁੱਸ਼ ਵਿਖੇ ਰਾਤ ਅੱਠ ਵਜੇ ਇੱਕ ਸੜਦੀ ਹੋਈ ਕਾਰ ਮਿਲੀ ਸੀ। ਇਸ ਕਾਰ ਵਿੱਚ ਕਿਸੇ ਵਿਅਕਤੀ ਦੇ ਹੋਣ ਬਾਰੇ ਪਤਾ ਲੱਗਾ ਪੁਲਸ ਨੇ ਇਸ ਮਾਜਦਾ ਕਾਰ ਵਿੱਚੋਂ ਇੱਕ ਵਿਅਕਤੀ ਨੂੰ ਬਾਹਰ ਕੱਢ ਲਿਆ ਸੀ। ਕੱਲ੍ਹ ਪੁਲਸ ਨੇ ਉਸ ਬਾਰੇ ਦੱਸਿਆ ਕਿ ਇਹ 26 ਸਾਲਾ ਭਾਰਤੀ ਨੌਜਵਾਨ ਮੁੰਡਾ ਕੁਨਾਲ ਖੇੜਾ ਸੀ। ਇਹ ਨੌਜਵਾਨ ਮੈਨੂਕਾਓ ਖੇਤਰ ਵਿੱਚ ਰਹਿੰਦਾ ਸੀ। ਡਿਟੈਕਟਿਵ ਸੀਨੀਅਰ ਸਰਜੈਂਟ ਨਟਾਲੀ ਨੈਲਸ਼ਨ ਨੇ ਇਸ ਮੌਤ ਨੂੰ ਅਜੇ ਰਹੱਸਮਈ ਤੇ ਅਸ਼ਪੱਸ਼ਟ ਦੱਸਿਆ ਹੈ ਜਿਸ ਦੀ ਅਗਲੀ ਜਾਂਚ ਚੱਲ ਰਹੀ ਹੈ। ਪੁਲਸ ਨੇ ਉਸ ਦੇ ਇੰਡੀਆ ਵਿੱਚ ਰਹਿੰਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਹਰ ਤਰ੍ਹਾਂ ਦੀ ਯੋਗ ਸਹਾਇਤਾ ਸਬੰਧੀ ਕਿਹਾ ਹੈ। ਪਤਾ ਲੱਗਾ ਹੈ ਕਿ ਇਹ ਨੌਜਵਾਨ ਜੇ ਪੀ ਨਗਰ ਸੰਗਰੂਰ ਨਾਲ ਸਬੰਧਤ ਸੀ ਅਤੇ ਆਪਣੇ ਪਰਵਾਰ ਦਾ ਇਕਲੌਤਾ ਪੁੱਤਰ ਸੀ।









# ਟੋਰਾਂਟੋ ਦੀ ਹਾਈ ਪ੍ਰੋਫਾਈਲ ਕਾਰੋਬਾਰੀ ਔਰਤ ਦੀ ਧੀ 'ਤੇ ਕਤਲ ਦਾ ਦੋਸ਼

ਟੋਰਾਂਟੋ-ਇਕ ਹਾਈ ਪ੍ਰੋਫਾਈਲ ਅਤੇ ਰਾਜਸੀ ਤੌਰ 'ਤੇ ਜੁੜੀ ਕਾਰੋਬਾਰੀ ਔਰਤ ਦੀ ਧੀ ਤੇ ਉਸ ਦੇ ਬੁਆਏਫ੍ਰੈਂਡ 'ਤੇ ਕਤਲ ਦਾ ਦੋਸ਼ ਲੱਗਣ ਪਿੱਛੋਂ ਟੋਰਾਂਟੋ ਇਲਾਕੇ ਦੀ ਚਾਈਨਜ਼-ਕੈਨੇਡੀਅਨ ਕਮਿਊਨਿਟੀ ਬਾਰੇ ਚਰਚਾ ਛਿੜੀ ਹੋਈ ਹੈ।25 ਸਾਲਾ ਯੁਨ ਲੂ ਲੱਕੀ ਅਤੇ 28 ਸਾਲਾ ਓਲੀਵਰ ਕਰਾਫਾ ਲੇਟ-ਮਾਡਲ ਲੈਂਡ ਰੋਵਰ ਵਿਚ ਮੌਕੇ 'ਤੇ ਦੋੜਨ ਪਿੱਛੋਂ ਹੁਣ ਤਕ ਬਚਦੇ ਰਹੇ ਹਨ। ਸ਼ਹਿਰ ਦੇ ਇੰਡਸਟਰੀਅਲ ਹਿੱਸੇ ਵਿਚ ਇਕ ਇਮਾਰਤ ਦੇ ਪਿੱਛੇ ਹੋਈ ਗੋਲੀਬਾਰੀ ਵਿਚ ਵੈਨਕੂਵਰ ਦੇ 39 ਸਾਲਾ ਵਿਅਕਤੀ ਟਾਈਲਰ ਪ੍ਰੈਟ ਦੀ ਮੌਤ ਹੋ ਗਈ ਸੀ ਅਤੇ ਇਕ 26 ਸਾਲਾ ਔਰਤ ਜ਼ਖ਼ਮੀ ਹੋ ਗਈ ਸੀ। ਹੈਮਿਲਟਨ ਪੁਲਿਸ ਸਰਵਿਸ ਦੀ ਬੁਲਾਰਨ ਜੈਕੀ ਪੇਨਮਨ ਨੇ ਦੱਸਿਆ ਕਿ ਚਾਰੇ ਇਕ ਦੂਸਰੇ ਨੂੰ ਜਾਣਦੇ ਸਨ ਅਤੇ ਜੁੜੇ ਹੋਏ ਸਨ। ਲੜਕੀ ਦੀ ਮਾਂ ਹੌਂਗ ਵੇਈ 'ਵਿਨੀ' ਵਿੱਤੀ ਪ੍ਰਬੰਧਨ ਕਾਰੋਬਾਰ ਰੇਸਪਨ ਇੰਟਰਨੈਸ਼ਨਲ ਗਰੁੱਪ ਚਲਾਉਂਦੀ ਹੈ ਅਤੇ ਲਗਦਾ ਹੈ ਕਿ ਉਸ ਦੇ ਸਥਾਨਕ ਸਿਆਸਤਦਾਨਾਂ ਤੇ ਕੈਨੇਡਾ ਵਿਚ ਚੀਨ ਕੂਟਨੀਤਕਾਂ ਨਾਲ ਸਬੰਧ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਹੱਥ ਮਿਲਾਉਣ ਦੀ ਉਸ ਦੀ ਤਸਵੀਰ ਕੰਪਨੀ ਦੀ ਵੈੱਬਸਾਈਟ 'ਤੇ ਪ੍ਰਮੁੱਖਤਾ ਨਾਲ ਲਾਈ ਗਈ ਹੈ। ਚੀਨੀ ਭਾਸ਼ਾ ਵਾਲੀ ਨਿਊਜ਼ ਸਾਈਟ 'ਤੇ ਉਹ ਓਨਟਾਰੀਓ ਦੇ ਕੰਸਰਵੇਟਿਵ ਪ੍ਰੀਮੀਅਰ ਡੱਗ ਫੋਰਡ ਨਾਲ ਖੜੀ ਹੈ।

## ਆਫ ਡਿਊਟੀ ਪੁਲਿਸ ਅਫਸਰ ਦੀ ਮੌਤ ਲਈ ਇਕ ਵਿਅਕਤੀ 'ਤੇ ਕਤਲ ਦੇ ਦੋਸ਼ ਆਇਦ

ਨੈਲਸਨ-ਐਬਟਸਫੋਰਡ ਦੇ ਆਫ-ਡਿਊਟੀ ਪੁਲਿਸ ਕੰਸਟੇਬਲ ਦੀ ਮੌਤ ਦੀ ਜਾਂਚ ਪਿੱਛੋਂ ਇਕ ਵਿਅਕਤੀ 'ਤੇ ਕਤਲ ਦੇ ਦੋਸ਼ ਲਾਏ ਗਏ ਹਨ। 55 ਸਾਲਾ ਕੰਸਟੇਬਲ ਐਲਨ ਜੰਗ ਦੇ ਨੈਲਸਨ ਜਾਣ ਸਮੇਂ ਇਕ ਹੋਰ ਵਿਅਕਤੀ ਨਾਲ ਝਗੜਾ ਹੋਣ ਤੋਂ ਕਈ ਦਿਨ ਬਾਅਦ ਪਿਛਲੇ ਸਾਲ ਜੁਲਾਈ ਵਿਚ ਮੌਤ ਹੋ ਗਈ ਸੀ।26 ਸਾਲਾ ਕੈਸਲਗੜ੍ਹ ਵਾਸੀ ਅਲੈਕਸ ਵਿਲਨਸ ਪਿਛਲੇ ਹਫ਼ਤੇ ਮੈਨਸਲਾਟਰ ਦੇ ਦੋਸ਼ ਲੱਗਣ ਪਿੱਛੋਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਨੇਲਸਨ ਪੁਲਿਸ ਵਿਭਾਗ ਨੇ ਇਕ ਬਿਆਨ ਵਿਚ ਦੱਸਿਆ ਕਿ ਵਿਲਨਸ ਹਿਰਾਸਤ ਵਿਚ ਰਹੇਗਾ। ਯੰਗ ਨੂੰ ਜ਼ਖ਼ਮੀ ਹੋਣ ਪਿੱਛੋਂ ਜੀਵਨ ਰੱਖਿਅਕ ਪ੍ਰਣਾਲੀ 'ਤੇ ਰੱਖਿਆ ਗਿਆ ਸੀ ਅਤੇ ਲਗਪਗ ਇਕ ਹਫ਼ਤੇ ਬਾਅਦ ਉਸ ਦੀ ਮੌਤ ਹੋ ਗਈ। ਉਹ 1997 ਵਿਚ ਸਕੌਟਲੈਂਡ ਤੋਂ ਕੈਨੇਡਾ ਆਇਆ ਸੀ ਅਤੇ ਚਾਰ ਸਾਲ ਟੋਰਾਂਟੋ ਪੁਲਿਸ ਸਰਵਿਸ ਵਿਚ ਗੁਜ਼ਾਰਨ ਪਿੱਛੋਂ 2004 ਵਿਚ ਐਬਟਸਫੋਰਡ ਪੁਲਿਸ ਵਿਚ ਸ਼ਾਮਿਲ ਹੋਇਆ ਸੀ।

## ਮਿਸ਼ਨ ਸਕੂਲ ਦੇ ਸਾਬਕਾ ਅਧਿਆਪਕ ਖ਼ਿਲਾਫ਼ ਜਿਣਸੀ ਹਮਲੇ ਦੇ ਦੋਸ਼


ਕੈਨਬਰਾ-ਮਿਸ਼ਨ ਸਕੂਲ ਦੇ ਸਾਬਕਾ ਅਧਿਆਪਕ ਤੇ ਕੈਨੇਡੀਅਨ ਫੁੱਟਬਾਲ ਲੀਗ ਸਟਾਰ ਡੌਨ ਸਵੀਟ ਦੇ ਵਿਦਿਆਰਥੀਆਂ 'ਤੇ ਕਥਿਤ ਜਿਣਸੀ ਹਮਲਿਆਂ ਦੇ ਸਬੰਧ ਵਿਚ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਮਿਸ਼ਨ ਆਰਸੀਐਮਪੀ ਨੇ ਕਿਹਾ ਕਿ ਦੋ ਔਰਤਾਂ ਨੇ ਦੋਸ਼ ਲਾਇਆ ਕਿ ਜਦੋਂ 2007 ਅਤੇ 2008 ਵਿਚ ਉਹ ਦੂਰੀਯੂ ਐਲੀਮੈਂਟਰੀ ਸਕੂਲ ਵਿਖੇ 6ਵੀਂ ਤੇ 7ਵੀਂ ਵਿਚ ਪੜ੍ਹਦੀਆਂ ਸਨ ਤਾਂ ਸਵੀਟ ਨੇ ਉਨ੍ਹਾਂ 'ਤੇ ਜਿਣਸੀ ਹਮਲਾ ਕੀਤਾ ਸੀ। ਪੁਲਿਸ ਨੇ ਦੋਸ਼ ਲਾਇਆ ਕਿ ਇਹ ਹਮਲਾ ਚਿਲੀਵੈਕ ਵਿਚ ਇਕ ਸਕੂਲ ਪ੍ਰਾਪਰਟੀ ਅਤੇ ਇਕ ਕਾਨਫਰੰਸ ਸੈਂਟਰ ਵਿਖੇ ਹੋਇਆ ਸੀ। 72 ਸਾਲਾ ਸਵੀਟ ਜਿਹੜਾ ਮਿਸ਼ਨ ਸਕੂਲ ਵਿਚ ਇਕ ਅਧਿਆਪਕ ਤੇ ਸਕੂਲ ਪ੍ਰਿੰਸੀਪਲ ਵਜੋਂ ਸੇਵਾ ਨਿਭਾਉਂਦਾ ਰਿਹਾ ਹੈ 2010 ਵਿਚ ਸੇਵਾ ਮੁਕਤ ਹੋਇਆ ਸੀ ਜਿਣਸੀ ਦਖਲਅੰਦਾਜ਼ੀ ਦੇ ਚਾਰ ਤੇ ਜਿਣਸੀ ਸੋਸ਼ਣ ਦੇ ਦੋ ਅਤੇ ਹਮਲੇ ਦੇ ਇਕ ਦੋਸ਼ ਦਾ ਸਾਹਮਣਾ ਕਰ ਰਿਹਾ ਹੈ।

## ਲੁੱਟ ਦੀ ਵਾਰਦਾਤ 'ਚ 10 ਸਾਲਾ ਲੜਕੀ ਜ਼ਖ਼ਮੀ

ਵੈਨਕੂਵਰ-ਪਰਿਵਾਰ ਲਈ ਬਰੇਕਫਾਸਟ ਖਰੀਦਣ ਲਈ ਕਤਾਰ ਵਿਚ ਖੜੀ ਤੋ ਇਕ ਹੋਰ ਔਰਤ ਨੇ ਡਾਲਰ ਖੋਹ ਲਏ ਤੇ ਭੱਜ ਗਈ। ਇਸ ਦੌਰਾਨ ਲੜਕੀ ਜ਼ਖ਼ਮੀ ਹੋ ਗਈ। 10 ਸਾਲਾ ਲੜਕੀ ਵੈਨਕੂਵਰ ਦੇ ਚਾਈਨਾਟਾਊਨ ਵਿਚ ਇਕ ਰੈਸਟੋਰੈਂਟ ਦੇ ਬਾਹਰ ਉਸ ਸਮੇਂ ਜ਼ਖ਼ਮੀ ਹੋ ਗਈ ਜਦੋਂ ਇਕ ਔਰਤ ਨੇ ਉਸ ਨੂੰ ਲੁੱਟਣ ਪਿੱਛੋਂ ਉਸ ਦੇ ਪਿੱਛਾ ਕਰਨ 'ਤੇ ਹਮਲਾ ਕੀਤਾ। ਵੈਨਕੂਵਰ ਪੁਲਿਸ ਨੇ ਦੱਸਿਆ ਕਿ ਲੜਕੀ ਸਨਿਚਰਵਾਰ ਸਵੇਰੇ ਕੀਫਰ ਸਟਰੀਟ ਦੇ 200 ਬਲਾਕ ਵਿਚ ਟਿਮ ਹੋਰਟੋਨਸ ਵਿਖੇ ਪਰਿਵਾਰ ਲਈ ਨਾਸ਼ਤਾ ਖਰੀਦਣ ਵਾਸਤੇ ਲਾਈਨ ਵਿਚ ਖੜੀ ਸੀ ਜਦੋਂ ਇਕ ਔਰਤ ਉਸ ਕੋਲ ਆਈ ਤੇ ਉਸ ਦੀ ਬਾਂਹ ਫੜ ਕੇ ਲੜਕੀ ਦੀ ਜੇਬ ਵਿਚੋਂ 50 ਡਾਲਰ ਦਾ ਬਿੱਲ ਕੱਢ ਲਿਆ। ਲੜਕੀ ਨੇ ਆਪਣੇ ਪੈਸੇ ਵਾਪਸ ਲੈਣ ਦੀ ਕੋਸ਼ਿਸ਼ ਵਿਚ ਔਰਤ ਦਾ ਦੋ ਬਲਾਕਸ ਤਕ ਪਿੱਛਾ ਕੀਤਾ। ਜਦੋਂ ਲੜਕੀ ਉਸ ਦੇ ਕੋਲ ਪੁੱਜੀ ਤਾਂ ਔਰਤ ਨੇ ਲੜਕੀ ਦੇ ਚਿਹਰੇ 'ਤੇ ਆਪਣੀ ਕੂਹਣੀ ਮਾਰੀ ਜਿਸ ਨਾਲ ਲੜਕੀ ਦਾ ਬੁਲ੍ਹ ਵੱਢਿਆ ਗਿਆ ਤੇ ਨੱਕ ਵਿਚੋਂ ਖ਼ੂਨ ਵਗਣ ਲੱਗ ਪਿਆ। ਰਾਹਗੀਰਾਂ ਨੇ ਤੁਰੰਤ ਪੁਲਿਸ ਨੂੰ ਫੋਨ ਕਰ ਦਿੱਤਾ ਅਤੇ ਔਰਤ ਨੂੰ ਮੌਕੇ ਤੋਂ ਭੱਜਣ ਨਾ ਦਿੱਤਾ। ਮਿੰਟਾਂ ਵਿਚ ਪੁਲਿਸ ਪਹੁੰਚ ਗਈ ਅਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਪੈਰਾਮੈਡਿਕਸ ਨੇ ਮੌਕੇ 'ਤੇ ਪਹੁੰਚ ਕੇ ਜ਼ਖ਼ਮੀ ਲੜਕੀ ਦਾ ਇਲਾਜ ਕੀਤਾ। ਬਾਅਦ ਵਿਚ ਪੁਲਿਸ ਨੂੰ ਪਤਾ ਲੱਗਾ ਕਿ ਪਰਿਵਾਰ ਮੈਕਸੀਕੋਂ ਤੋਂ ਅਜੇ ਨਵਾਂ ਆਇਆ ਹੈ ਅਤੇ ਉਨ੍ਹਾਂ ਦਾ ਚੁਲ੍ਹਾ ਟੁੱਟਣ ਕਾਰਨ ਲੜਕੀ ਨਾਸ਼ਤਾ ਖਰੀਦ ਰਹੀ ਸੀ। 50 ਡਾਲਰ ਦਾ ਬਿੱਲ ਸਬੂਤ ਵਜੋਂ ਕੇਸ ਵਿਚ ਨੱਥੀ ਹੋਣ ਕਾਰਨ ਵੀਪੀਡੀ ਅਫਸਰ ਇਹ ਯਕੀਨੀ ਬਣਾਉਣਾ ਚਾਹੁੰਦੇ ਸੀ ਕਿ ਪਰਿਵਾਰ 50 ਡਾਲਰ ਤੋਂ ਵਿਹੂਣਾ ਨਾ ਰਹੇ ਅਤੇ ਨਾਸ਼ਤੇ ਵਿਚ ਕੁਝ ਖਾ ਲਏ। ਉਨ੍ਹਾਂ ਨੇ ਇਲਾਕੇ ਦੇ ਦੂਸਰੇ ਅਫਸਰਾਂ ਨੇ ਥੋੜੇ ਥੋੜੇ ਪੈਸੇ ਕੋਲੋਂ ਪਾ ਕੇ ਪਰਿਵਾਰ ਨੂੰ ਲਗਪਗ 200 ਡਾਲਰ ਦਿੱਤੇ।









# ਰਵਨੀਤ ਕੌਰ ਬੈਂਸ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਸਨਮਾਨਿਤ

ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ 321ਡੀ, ਵਲੋਂ ਅਜ ਸਮਾਜ ਸੇਵੀ ਸਖਸ਼ੀਅਤ ਮੈਡਮ ਰਵਨੀਤ ਕੌਰ ਬੈਂਸ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਸਮੇਂ ,ਲਾਇਨਜ਼ ਅੰਤਰਰਾਸ਼ਟਰੀ ਸਨਮਾਨ ਪੱਤਰ ਅਤੇ ਮੋਮੈਂਟੋ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਹੈ । ਮੀਨਾ ਪਾਰਕ ਬਰੈਂਪਟਨ ਟਰਾਂਟੋ ਕਨੇਡਾ ਨਜਦੀਕ ਆਯੋਜਿਤ ਸਮਾਗਮ ਵਿੱਚ ਕਲੱਬ ਪਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਸਾਬਕਾ ਸੂਬਾ ਪ੍ਰਧਾਨ ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ, ਲਾਇਨ ਦਵਿੰਦਰ ਸਿੰਘ ਬੈਂਸ, ਲਾਇਨ ਕਰਨਜੀਤ ਕੌਰ, ਲਾਇਨ ਦਵਿੰਦਰ ਸਿੰਘ ਸਜਣ, ਏਕਮਜੋਤ ਸਿੰਘ, ਸੁਖਤਾਜ ਸਿੰਘ, ਪ੍ਰਭਗੁਣ ਕੌਰ, ਅਨਾਇਤ ਕੌਰ ਅਤੇ ਸਾਥੀਆਂ ਵਲੋਂ ਇਹ ਸਨਮਾਨ ਪ੍ਰਦਾਨ ਕਰਨ ਸਮੇਂ ਵਿਸ਼ੇਸ਼ ਸ਼ਿਰਕਤ ਕਰਦਿਆਂ, ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਮੈਡਮ ਰਵਨੀਤ ਕੌਰ ਬੈਂਸ ਦੀ ਭਰਪੂਰ ਸ਼ਲਾਘਾ ਕੀਤੀ ਗਈ ਹੈ।

# ਹੁਣ ਨਹੀਂ ਡੀਪੋਰਟ ਕੀਤਾ ਜਾਵੇਗਾ ਕੋਲੰਬੀਆ ਵਿੱਚ ਪੈਦਾ ਹੋਈ ਮਾਂ ਨੂੰ

ਸਸਕਾਟੂਨ, 11 ਮਾਰਚ (ਪੋਸਟ ਬਿਊਰੋ) : ਕੋਲੰਬੀਆ ਵਿੱਚ ਪੈਦਾ ਹੋਈ ਮਾਂ ਦਾ ਕਹਿਣਾ ਹੈ ਕਿ ਫੈਡਰਲ ਜੱਜ ਵੱਲੋਂ ਆਰਜ਼ੀ ਤੌਰ ਉੱਤੇ ਉਸ ਨੂੰ ਡੀਪੋਰਟ ਕੀਤੇ ਜਾਣ ਦੇ ਮਾਮਲੇ ਵਿੱਚ ਦਿੱਤੀ ਗਈ ਸਟੇਅ ਤੋਂ ਉਹ ਕਾਫੀ ਖੁਸ਼ ਹੈ। ਜੇ ਉਸ ਨੂੰ ਡੀਪੋਰਟ ਕੀਤਾ ਜਾਂਦਾ ਤਾਂ ਉਸ ਨੂੰ ਦੋ ਸਾਲਾਂ ਲਈ ਆਪਣੀ ਨਿੱਕੀ ਬੱਚੀ ਤੋਂ ਦੂਰ ਰਹਿਣਾ ਪੈਂਦਾ। ਉਸ ਨੇ ਆਖਿਆ ਕਿ ਉਹ ਤੇ ਉਸ ਦਾ ਪਾਰਟਨਰ ਕਾਫੀ ਖੁਸ਼ ਹਨ। ਡਾਇਨਾ ਪਾਰਾ ਬੇਡੋਆ ਨੇ ਆਖਿਆ ਕਿ ਉਹ ਐਨੀ ਖੁਸ਼ ਹੈ ਕਿ ਕੋਈ ਅੰਦਾਜ਼ਾ ਵੀ ਨਹੀਂ ਲਾ ਸਕਦਾ। ਇਮੀਗ੍ਰੇਸ਼ਨ ਲਾਇਰ ਟਾਇਲਰ ਗੋਏਟਲ ਨੇ ਆਖਿਆ ਕਿ ਅਦਾਲਤ ਨੇ ਇੱਕ ਮਾਂ ਨੂੰ ਬੱਚੇ ਤੋਂ ਦੂਰ ਕਰਨ ਦੇ ਮਨੋਵਿਗਿਆਨਕ ਪ੍ਰਭਾਵ ਦੀ ਅਹਿਮੀਅਤ ਨੂੰ ਸਮਝਿਆ ਤੇ ਉਸ ਤੋਂ ਬਾਅਦ ਹੀ ਇਹ ਫੈਸਲਾ ਲਿਆ। ਪਿਛਲੇ ਮਹੀਨੇ ਕੈਨੇਡਾ ਬੌਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਨੇ ਬੇਡੋਆ ਨੂੰ ਇਸ ਸ਼ੁੱਕਰਵਾਰ ਕੋਲੰਬੀਆ ਡੀਪੋਰਟ ਕਰਨ ਦਾ ਸ਼ਡਿਊਲ ਬਣਾਇਆ ਸੀ ਪਰ ਅਦਾਲਤ ਦੇ ਫੈਸਲੇ ਨਾਲ ਉਸ ਦੀ ਲੀਗਲ ਟੀਮ ਨੂੰ ਆਪਣੇ ਇਸ ਕੇਸ ਉੱਤੇ ਹੋਰ ਕੰਮ ਕਰਨ ਦਾ ਸਮਾਂ ਮਿਲ ਗਿਆ ਹੈ।

# ਬਕਿੰਘਮ ਪੈਲਿਸ ਦਾ ਬਿਆਨ ਪ੍ਰਿੰਸ ਹੈਰੀ, ਮੇਗਨ ਤੇ ਆਰਚੀ ਹਮੇਸ਼ਾ ਪਰਵਾਰਕ ਮੈਂਬਰਾਂ ਦੇ ਪਿਆਰੇ ਰਹਿਣਗੇ

ਲੰਡਨ-ਪ੍ਰਿੰਸ ਹੈਰੀ ਅਤੇ ਮੇਗਨ ਮਾਰਕਲ ਦੀ ਇੰਟਰਵਿਊ ਤੋਂ ਮਹਾਰਾਣੀ ਕਾਫੀ ਦੁਖੀ ਹੈ। ਇਸ ਕਾਰਨ ਬਕਿੰਘਮ ਪੈਲਿਸ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਪ੍ਰਿੰਸ ਹੈਰੀ, ਮੇਗਨ ਅਤੇ ਆਰਚੀ ਹਮੇਸ਼ਾਂ ਸਭ ਤੋਂ ਵੱਧ ਪਿਆਰੇ ਪਰਵਾਰਕ ਮੈਂਬਰ ਬਣੇ ਰਹਿਣਗੇ, ਜਦਕਿ ਪੂਰਾ ਪਰਵਾਰ ਇਨ੍ਹਾਂ ਦੋਸ਼ਾਂ ਕਾਰਨ ਦੁਖੀ ਹੈ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਠਾਏ ਗਏ ਮਾਮਲੇ ਅਤੇ ਖਾਸ ਤੌਰ ਉੱਤੇ ਨਸਲਵਾਦ ਦਾ ਮੁੱਦਾ ਚਿੰਤਾਜਨਕ ਹੈ, ਪਰ ਉਹ ਇਸ ਮਾਮਲੇ ਨੂੰ ਨਿੱਜੀ ਤੌਰ ਉੱਤੇ ਹੱਲ ਕਰਨਗੇ। ਇਸ ਦੌਰਾਨ ਪ੍ਰਿੰਸ ਚਾਰਲਸ ਨੇ ਲੰਡਨ ਵਿੱਚ ਕੋਵਿਡ-19 ਟੀਕਾਕਰਨ ਕੇਂਦਰ ਦਾ ਦੌਰਾ ਕੀਤਾ, ਪਰ ਇਸ ਮੌਕੇ ਉਨ੍ਹਾਂ ਹੈਰੀ ਅਤੇ ਮੇਗਨ ਵੱਲੋਂ ਓਪਰਾ ਵਿਨਫਰੇ ਨੂੰ ਦਿੱਤੀ ਇੰਟਰਵਿਊ ਬਾਰੇ ਚੁੱਪ ਧਾਰੀ ਰੱਖੀ। ਟੀਕਾਕਰਨ ਕੇਂਦਰ ਵਿਖੇ ਇੱਕ ਮਰੀਜ਼ ਮਾਜੀਆ ਮਾਰਜਾਕ ਨੇ ਕਿਹਾ ਕਿ ਮੁਲਾਕਾਤ ਵੇਲੇ ਚਾਰਲਸ ਨੇ ਨਿੱਜੀ ਮੁੱਦਿਆਂ ਦੀ ਗੱਲ ਨਹੀਂ ਕੀਤੀ। ਪ੍ਰਿੰਸ ਚਾਰਲਸ ਨੂੰ ਜਦੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਉਪਰ ਵੱਲ ਵੇਖਿਆ ਅਤੇ ਬਿਨਾਂ ਕੁਝ ਕਹੇ ਅੱਗੇ ਚਲੇ ਗਏ। ਪ੍ਰਿੰਸ ਹੈਰੀ ਨੇ ਇੰਟਰਵਿਊ ਵਿੱਚ ਕਿਹਾ ਸੀ ਕਿ ਉਸ ਨੂੰ ਮਹਿਸੂਸ ਹੋਇਆ ਕਿ ਉਸ ਦੇ ਪਿਤਾ ਚਾਰਲਸ ਨੇ ਉਸ ਨੂੰ ਨਿਰਾਸ਼ ਕੀਤਾ ਤੇ ਬਹੁਤ ਸਾਰੀਆਂ ਚੀਜ਼ਾਂ ਵਾਪਰੀਆਂ, ਜੋ ਉਸ ਨੂੰ ਦੁੱਖ ਪਹੁੰਚਾਉਂਦੀਆਂ ਸਨ। ਹੈਰੀ ਨੇ ਕਿਹਾ ਸੀ ਕਿ ਜਦੋਂ ਉਸ ਨੇ ਸ਼ਾਹੀ ਜ਼ਿੰਮੇਵਾਰੀ ਛੱਡਣ ਦਾ ਫੈਸਲਾ ਕੀਤਾ ਤਾਂ ਚਾਰਲਸ ਨੇ ਵੀ ਉਸ ਦੀ ਕਾਲ ਦਾ ਜਵਾਬ ਦੇਣਾ ਬੰਦ ਕਰ ਦਿੱਤਾ, ਜਦਕਿ ਸ਼ਾਹੀ ਪਰਵਾਰ ਦੇ ਅੰਦਰਲੇ ਸੂਤਰਾਂ ਨੇ ਉਕਤ ਦਾਅਵੇ ਨੂੰ ਗਲਤ ਦੱਸ ਕੇ ਕਿਹਾ ਕਿ ਪ੍ਰਿੰਸ ਚਾਰਲਸ ਦੇ ਬੇਟੇ ਨੇ ਉਨ੍ਹਾਂ ਨੂੰ ਨੀਵਾਂ ਵਿਖਾਇਆ ਹੈ।

# ਵਧੀਆ ਸਰੋਤਾ ਅਤੇ ਪਾਠਕ ਬਣਨਾ ਜ਼ਰੂਰੀ



ਹਰਕੀਰਤ ਕੌਰ
9779118066

ਜੇਕਰ ਕੋਈ ਵਧੀਆ ਲੇਖਕ ਜਾਂ ਵਧੀਆ ਵਕਤਾ ਬਣਨਾ ਚਾਹੁੰਦਾ ਹੈ ਤਾਂ ਉਸ ਤੋਂ ਪਹਿਲਾਂ ਉਹ ਖੁਦ ਇੱਕ ਵਧੀਆ ਪਾਠਕ ਅਤੇ ਵਧੀਆ ਸਰੋਤਾ ਹੋਣਾ ਚਾਹੀਦਾ ਹੈ। ਸਰੋਤਿਆਂ ਤੋਂ ਬਿਨਾਂ ਵੱਡੇ ਤੋਂ ਵੱਡੇ ਵਕਤਾ, ਭਾਸ਼ਣ ਕੋਈ ਮਾਅਨੇ ਨਹੀਂ ਰੱਖਦਾ, ਬਿਲਕੁੱਲ ਉਵੇਂ ਹੀ ਭਾਵੇਂ ਕੋਈ ਲੇਖਕ ਕਿੰਨੀ ਮਿਹਨਤ ਨਾਲ ਕਿਉਂ ਨਾ ਲਿਖ ਰਿਹਾ ਹੋਵੇ ਜੇਕਰ ਉਸਦੀ ਲਿਖਤ ਨੂੰ ਕੋਈ ਪੜਨ ਵਾਲਾ ਨਹੀਂ ਤਾਂ ਉਸ ਦੀਆਂ ਲਿਖਤਾਂ ਕਿਸੇ ਕੰਮ ਨਹੀਂ ਆਉਂਦੀਆਂ। ਇਹ ਸਰੋਤੇ ਅਤੇ ਪਾਠਕ ਹੀ ਹੁੰਦੇ ਹਨ ਜੋ ਕਿਸੇ ਦੇ ਵਿਚਾਰਾਂ ਨੂੰ ਮਾਨਤਾ ਦਿਵਾਉਂਦੇ ਹਨ। ਨਹੀਂ ਤਾਂ ਮਨ ਹੀ ਮਨ ਵਿੱਚ ਤਾਂ ਵਿਚਾਰਾਂ ਦਾ ਪਿਟਾਰਾ ਤਾਂ ਸਾਰਿਆਂ ਕੋਲ ਹੁੰਦਾ ਹੈ, ਉਨ੍ਹਾਂ ਦੀ ਕੋਈ ਬੁੱਕਤ ਨਹੀਂ ਪੈਂਦੀ ਹੈ। ਪਾਠਕਾਂ ਅਤੇ ਸਰੋਤਿਆਂ ਦੁਆਰਾ ਕੀਤੀ ਵਾਹ ਵਾਹ ਅਤੇ ਉਸਾਰੂ ਅਲੋਚਨਾ ਕਿਸੇ ਵੀ ਲੇਖਕ ਅਤੇ ਵਕਤੇ ਦੀ ਸ਼ਖਸੀਅਤ ਨੂੰ ਹੋਰ ਵੀ ਨਿਖਾਰਦੀ ਹੈ। ਵਧੀਆ ਸਰੋਤੇ ਅਤੇ ਪਾਠਕ ਹੋਣਾ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਮਨੁੱਖੀ ਗੁਣ ਹੈ। ਮੈਨੂੰ ਲੱਗਦਾ ਹੈ ਇੱਕ ਚੰਗਾ ਸਰੋਤਾ ਉਹੀ ਹੈ, ਜਿਸ ਵਿੱਚ ਧੀਰਜ, ਸਬਰ ਅਤੇ ਕਿਸੇ ਨੂੰ ਸੁਣਨ ਲਈ ਦਿਲ ਵਿੱਚ ਚਾਹ ਹੋਵੇਗੀ।ਅੱਜ ਦੇ ਦਿਨਾਂ ਵਿੱਚ ਮੈ ਦੇਖਦੀ ਹਾਂ ਕਿ ਹਰ ਇੱਕ ਨੂੰ ਆਪਣੀ ਗੱਲ ਕਹਿਣ ਦੀ ਕਾਹਲ ਹੁੰਦੀ ਹੈ, ਕਿਸੇ ਦੂਸਰੇ ਨੂੰ ਸੁਣ ਸਕੀਏ ਏਨਾ ਸਬਰ ਸਾਡੇ ਵਿੱਚੋਂ ਖਤਮ ਹੁੰਦਾ ਜਾ ਰਿਹਾ ਹੈ।ਮੈ ਆਮ ਦੇਖਦੀ ਹਾਂ ਕਾਲਜਾਂ ਵਿੱਚ, ਕਾਨਫਰੰਸਾਂ ਵਿੱਚ ਵਕਤੇ ਨੂੰ ਸੁਣਨ ਦੀ ਬਜਾਏ ਸਰੋਤੇ ਆਪੋ ਆਪਣੇ ਫੋਨਾਂ ਵਿੱਚ ਰੁੱਝੇ ਹੁੰਦੇ ਹਨ। ਇੱਕ ਵਧੀਆ ਸਰੋਤਾ ਹੋਣ ਲਈ ਅੰਤਾਂ ਦਾ ਧੀਰਜਵਾਨ, ਵਿਚਾਰਵਾਨ, ਗੁਣਵਾਨ ਅਤੇ ਕਦਰਵਾਨ ਬਣਨਾ ਪੈਂਦਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਚਾਰਾਂ ਜਾਂ ਲਿਖਤਾਂ ਨੂੰ ਕੋਈ ਬਹੁਤ ਹੀ ਧੀਰਜ ਨਾਲ ਸੁਣੇ ਅਤੇ ਪੜੇ ਤਾਂ ਪਹਿਲਾਂ ਸਾਨੂੰ ਖੁਦ ਨੂੰ ਇੱਕ ਵਧੀਆ ਸਰੋਤੇ ਅਤੇ ਵਧੀਆ ਪਾਠਕ ਬਣਨਾ ਪਵੇਗਾ। ਇਹ ਮੇਰਾ ਨਿੱਜੀ ਤਜਰਬਾ ਵੀ ਹੈ ਕਿ ਜਿੰਨੀ ਗਹਿਰਾਈ ਨਾਲ ਅਸੀ ਕਿਸੇ ਨੂੰ ਸੁਣਦੇ ਜਾਂ ਪੜਦੇ ਹਾਂ, ਸਾਡੀਆਂ ਲਿਖਤਾਂ ਨੂੰ ਵੀ ਪਾਠਕਾਂ ਦੁਆਰਾ ਉਸੇ ਤਰ੍ਹਾਂ ਹੀ ਪੜਿਆ ਜਾਂਦਾ ਹੈ। ਇਸ ਤੋਂ ਇਲਾਵਾ ਇੱਕ ਚੰਗੇ ਸਰੋਤੇ ਤੇ ਪਾਠਕ ਬਣਨ ਨਾਲ ਸਾਡੇ ਵਿੱਚ ਗਿਆਨ ਵਿੱਚ ਵਾਧਾ ਤਾਂ ਹੁੰਦਾ ਹੀ ਹੈ, ਨਾਲ ਦੀ ਨਾਲ ਸਾਡੀ ਸਖਸ਼ੀਅਤ ਨਿਖਰਦੀ ਹੈ ਅਤੇ ਸਾਡੇ ਵਿੱਚ ਸਹਿਜ ਆ ਜਾਂਦਾ ਹੈ। ਸੋ ਜਰੂਰੀ ਹੈ ਸਾਡਾ ਇੱਕ ਵਧੀਆ ਸਰੋਤਾ ਅਤੇ ਪਾਠਕ ਬਣਨਾ।


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫ਼ੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.
604-449-7500

RANDHAWA MINHAS LLP
**PERSONAL INJURY LAWYERS**
T 604-449-7500 F 604-449-7501
msr@randhawalaw.ca www.randhawalaw.ca
205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

# ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਹਾਸਲ ਹੋਣਗੀਆਂ ਫਾਈਜ਼ਰ ਬਾਇਓਐਨਟੈਕ ਦੀਆਂ 8 ਮਿਲੀਅਨ ਡੋਜ਼ਾਂ

ਓਟਵਾ-ਵੱਡੀ ਮਾਤਰਾ ਵਿੱਚ ਵੈਕਸੀਨ ਮਾਰਚ ਦੇ ਅੰਤ ਤੱਕ ਕੈਨੇਡਾ ਪਹੁੰਚ ਜਾਵੇਗੀ। ਫਾਈਜ਼ਰ ਬਾਇਓਐਨਟੈਕ ਵੈਕਸੀਨ ਦੀਆਂ 8 ਮਿਲੀਅਨ ਵਾਧੂ ਡੋਜ਼ਾਂ ਮਾਰਚ ਦੇ ਅੰਤ ਤੱਕ ਕੈਨੇਡਾ ਪਹੁੰਚਣ ਦੀ ਸੰਭਾਵਨਾ ਹੈ। ਕੈਨੇਡਾ ਵਿੱਚ ਵੈਕਸੀਨ ਦੀ ਕੌਮੀ ਪੱਧਰ ਉੱਤੇ ਵੰਡ ਦੇ ਕੰਮ ਨੂੰ ਦੇਖਣ ਵਾਲੇ ਮੇਜਰ ਜਨਰਲ ਡੈਨੀ ਫੋਰਟਿਨ ਦਾ ਕਹਿਣਾ ਹੈ ਕਿ ਫਾਈਜ਼ਰ ਦੀ ਡਲਿਵਰੀ ਵਿੱਚ ਆਈ ਤੇਜ਼ੀ ਸਦਕਾ ਹੀ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਅੱਠ ਮਿਲੀਅਨ ਡੋਜ਼ਾਂ ਹਾਸਲ ਹੋਣਗੀਆਂ। ਮੌਡਰਨਾ ਦੀ ਹਫਤੇ ਵਿੱਚ ਦੋ ਵਾਰੀ ਹਾਸਲ ਹੋਣ ਵਾਲੀ ਡਲਿਵਰੀ ਅਗਲੇ ਮਹੀਨੇ ਦੇ ਮੱਧ ਤੱਕ ਇੱਕ ਮਿਲੀਅਨ ਦਾ ਅੰਕੜਾ ਟੱਪ ਜਾਵੇਗੀ। ਐਸਟ੍ਰਾਜ਼ੈਨੇਕਾ ਦੀਆਂ ਹੋਰ 1.5 ਮਿਲੀਅਨ ਡੋਜ਼ਾਂ ਮਈ ਦੇ ਮੱਧ ਤੱਕ ਹਾਸਲ ਹੋਣ ਦੀ ਉਮੀਦ ਹੈ। ਪਰ ਜੌਹਨਸਨ ਐਂਡ ਜੌਹਨਸਨ ਦੀ ਡਲਿਵਰੀ ਲਈ ਅਜੇ ਕੋਈ ਸਮਾਂ ਸੀਮਾਂ ਹਾਸਲ ਨਹੀਂ ਹੋਈ।

## ਵੈਕਸੀਨ ਮਿਲਣ 'ਤੇ ਬਿਲ ਬੋਰਡ ਲਾ ਕੇ ਕੈਨੇਡਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦਾ ਕੀਤਾ ਧੰਨਵਾਦ

ਬੀਤੇ ਦਿਨੀਂ ਭਾਰਤ 'ਚ ਸੀਰਮ ਇੰਸਟੀਚਿਊਟ ਆਫ ਇੰਡੀਆ ਕੰਪਨੀ ਵੱਲੋਂ ਤਿਆਰ ਕੋਵਿਡਸ਼ੀਲਡ ਵੈਕਸੀਨ ਦੀਆਂ 5 ਲੱਖ ਡੋਜ਼ਾਂ ਕੈਨੇਡਾ ਪਹੁੰਚਾਈਆਂ ਗਈਆਂ ਸਨ। ਕੈਨੇਡਾ ਉਨ੍ਹਾਂ ਦੇਸ਼ਾਂ ਵਿਚ ਸ਼ਾਮਿਲ ਹੈ, ਜਿਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਕੋਵਿਡ-19 ਵੈਕਸੀਨ ਉਪਲੱਬਧ ਕਰਵਾਈ ਹੈ। ਵੈਕਸੀਨ ਦੀ ਪਹਿਲੀ ਖੇਪ ਮਿਲਣ ਤੋਂ ਬਾਅਦ ਹੁਣ ਕੈਨੇਡਾ ਨੇ ਭਾਰਤ ਦਾ ਧੰਨਵਾਦ ਕੀਤਾ ਹੈ। ਇਸ ਦੇ ਚਲਦੇ ਗ੍ਰੇਟਰ ਟੋਰਾਂਟੋ ਵਿਚ ਬਿਲ ਬੋਰਡ ਲਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦਾ ਧੰਨਵਾਦ ਕੀਤਾ ਹੈ।

# ਭਾਜਪਾ ਖਿਲਾਫ਼ 5 ਰਾਜਾਂ ਵਿਚ ਪ੍ਰਚਾਰ ਕਰਨ ਲਈ ਕਿਸਾਨ ਜਥੇ ਦਿੱਲੀ ਤੋਂ ਰਵਾਨਾ

ਚੰਡੀਗੜ੍ਹ-ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਚੰਡੀਗੜ੍ਹ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਕਿਸਾਨ ਮੋਰਚਾ ਅੱਜ ਭਾਰਤ ਕੀ, ਦੁਨੀਆ ਦੇ ਇਤਿਹਾਸ ਦਾ ਇਕ ਇਤਿਹਾਸਕ ਮੋਰਚਾ ਬਣ ਗਿਆ। ਉਨ੍ਹਾਂ ਕਿਹਾ ਕਿ ਅਗਲੇ ਦਿਨੀਂ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਰਾਜਾਂ ਦੇ ਕਿਸਾਨਾਂ ਨੂੰ ਭਾਜਪਾ ਨੂੰ ਵੋਟਾਂ ਨਾ ਪਾਉਣ ਲਈ ਪ੍ਰੇਰਿਤ ਕਰਨ ਵਾਸਤੇ ਪ੍ਰਚਾਰ ਕੀਤਾ ਜਾਵੇਗਾ ਤੇ ਇਸ ਮਕਸਦ ਲਈ ਕੋਲਕਾਤਾ ਦੇ ਸਾਰੇ 294 ਚੋਣ ਹਲਕਿਆਂ ਵਿੱਚ 294 ਗੱਡੀਆਂ ਪ੍ਰਚਾਰ ਲਈ ਰਵਾਨਾ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਪੰਜਾਂ ਰਾਜਾਂ ਨੂੰ ਕਿਸਾਨ ਜਥੇ ਤੋਰ ਦਿੱਤੇ ਗਏ ਹਨ, ਜਿਹੜੇ ਜਾਂਦੇ ਸਾਰ ਕੰਮ ਸ਼ੁਰੂ ਕਰ ਦੇਣਗੇ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਅਸੀਂ ਮੁਲਾਜ਼ਮ ਆਗੂਆਂ ਨਾਲ ਮੀਟਿੰਗ ਕਰਕੇ ਨਿੱਜੀਕਰਨ ਦਾ ਵਿਰੋਧ ਕਰਨ ਲਈ ਇੱਕ ਸਾਂਝਾ ਮੋਰਚਾ ਬਣਾ ਰਹੇ ਹਾਂ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਚਾਰ ਵਿਭਾਗ ਛੱਡ ਕੇ ਬਾਕੀ ਸਾਰੇ ਵਿਭਾਗਾਂ ਦਾ ਨਿੱਜੀਕਰਨ ਕਰਨ ਦੀ ਤਿਆਰੀ ਕੀਤੀ ਹੋਈ ਹੈ ਅਤੇ ਨਿੱਜੀਕਰਨ ਹੋਣ ਦੇ ਨਾਲ ਆਮ ਜਨਤਾ ਨੂੰ ਵੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ, ਇਸ ਲਈ ਆਮ ਲੋਕਾਂ ਨੂੰ ਇਸ ਦੇ ਖਿਲਾਫ਼ ਸੜਕਾਂ ਉੱਤੇ ਆਉਣ ਦਾ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਅਗਲੇ ਦਿਨੀਂ ਕਿਸਾਨਾਂ ਨਾਲ ਆਮ ਲੋਕ ਵੀ ਮੈਦਾਨ ਵਿੱਚ ਹੋਣਗੇ। ਇਸ ਮੌਕੇ ਕਿਸਾਨ ਆਗੂ ਮਨਜੀਤ ਸਿੰਘ ਨੇ ਕਿਹਾ ਕਿ ਦਿੱਲੀਤੋਂ ਚੱਲ ਰਿਹਾ ਕਿਸਾਨ ਅੰਦੋਲਨ ਸਿਰਫ਼ ਕਿਸਾਨਾਂ ਦੀ ਲੜਾਈ ਨਹੀਂ, ਹਰ ਵਰਗ ਦੀ ਲੜਾਈ ਹੈ ਤੇ ਇਸ ਦੇਸ਼ ਦੀ ਆਜ਼ਾਦੀ ਦੀ ਲੜਾਈ ਵਾਂਗ ਇਸ ਲੜਾਈ ਵਿਚ ਵੀ ਸਭ ਲੋਕਾਂ ਦੀ ਇਕਜੁੱਟਤਾ ਦੀ ਲੋੜ ਹੈ। ਉਨ੍ਹਾ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਕਿ ਹੈ ਕਿਸੇ ਕਾਨੂੰਨ ਵਿਰੁੱਧ ਦੇਸ਼ ਵਿਚ ਐਨਾ ਵੱਡਾ ਅੰਦੋਲਨ ਸ਼ੁਰੂ ਹੋਇਆ ਹੋਵੇ। ਮਨਜੀਤ ਸਿੰਘ ਨੇ ਕਿਹਾ ਕਿ ਕਿਸਾਨ ਪੂਰੀ ਤਰ੍ਹਾਂ ਬੁਲੰਦ ਹੌਸਲੇ ਵਿੱਚ ਹਨ ਤੇਉਹ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾ ਕੇ ਹੀ ਘਰਾਂ ਨੂੰ ਪਰਤਣਗੇ।



Offering Services For All Your Business and Real Estate Needs
- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com
CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

15428 28 AVENUE

$1,199,000 Subdividable

Attention Investors & Builders... Collect rent now and develop later. The PLA has been approved by the city for the two RF10 lots each with 31ft frontage. The home is in good condition and currently rented for $2100/month with 10 months remaining on the lease. No Door Knocking. Call now for more information

#603 13308 CENTRAL AVE.

$549,000

Welcome to Evolve, Downtown's Surrey's newest building. Just one-year-old building located in the core of Surrey's downtown near all types of transport, shopping, restaurants, and universities. This two bedrooms two bathroom unit is located on the 6th floor facing northwest with a huge balcony. The property has been rented for $1600/ month to good tenants. Call today to book your private showing.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

## TEAM OR SOLO

**U.S.A Routes: BC to CA, AZ, TX**
**BC to WA / WA to BC or AB**
**Canada Routes: BC / AB Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link
Logistics Ltd

**Call: +1-604-857-4777 / 778-344-1964**
**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

## ਲਾਇਨਜ਼ ਕਲੱਬ ਆਦਮਪੁਰ ਵੱਲੋਂ ਅੱਖਾਂ ਦੇ ਆਪ੍ਰੇਸ਼ਨਾਂ ਦੇ ਮੁਫ਼ਤ ਕੈਂਪ




ਲਾਇਨਜ਼ ਕਲੱਬ ਆਦਮਪੁਰ ਵੱਲੋਂ ਲਗਾਏ ਗਏ ਸਲਾਨਾ ਅੱਖਾਂ ਦੇ ਆਪ੍ਰੇਸ਼ਨਾਂ ਦੇ ਮੁਫ਼ਤ ਕੈਂਪ ਦੌਰਾਨ ਕੈਨੇਡੀਅਨ ਬਿਜ਼ਨੈੱਸਮੈਨ ਜੇ ਮਿਨਹਾਸ ਡਾਕਟਰਾਂ ਅਤੇ ਸਿਹਤ ਕਰਮੀਆਂ ਦੀ ਟੀਮ ਨੂੰ ਸਨਮਾਨਿਤ ਕਰਦੇ ਹੋਏ।










# ਮਨ ਜੀਤੇ ਜਗ ਜੀਤ

ਹਰ ਇਨਸਾਨ ਦੀ ਖਵਾਹਿਸ਼ ਹੈ ਕਿ ਇੱਕ ਸਕੂਨਮਈ ਜਿੰਦਗੀ ਬਤੀਤ ਕਰੇ। ਜੋ ਉਸਦੀਆਂ ਖਵਾਹਿਸ਼ਾਂ ਹਨ ਉਹ ਸਾਰੀਆਂ ਪੂਰੀਆਂ ਹੋਣ। ਉਸਦੇ ਮਿੱਥੇ ਟੀਚੇ ਉਹ ਸਰ ਕਰੇ । ਪਰ ਇਸ ਸਭ ਲਈ ਸਾਨੂੰ ਆਪਣੇ ਮਨ ਭਾਵ ਕਿ ਆਪਣੇ ਆਪ ਵਿੱਚ ਤਬਦੀਲੀ ਕਰਨੀ ਹੋਵੇਗੀ। ਅਸੀਂ ਬੀਤ ਚੁੱਕੇ ਸਮੇਂ ਨੂੰ ਵਾਪਿਸ ਨਹੀਂ ਲਿਆ ਸਕਦੇ ਪਰ ਮਨ , ਸਰੀਰ, ਤੇ ਚਰਿੱਤਰ ਵਿੱਚ ਸਕਾਰਾਤਮਕ ਤਬਦੀਲੀ ਲਈ ਸਾਡੇ ਕੋਲ ਅੱਜ ਹੈ। ਅੱਜ ਦੇ ਰੂਪ ਵਿੱਚ ਸਾਡੇ ਕੋਲ ਇੱਕ ਸੁਨਿਹਰੀ ਮੌਕਾ ਹੁੰਦਾ ਹੈ ਤਾਂ ਜੋ ਅਸੀਂ ਆਪਣੀ ਹੋਂਦ ਅਤੇ ਆਪਣੇ ਆਪ ਦੇ ਮਾਸਟਰ ਬਣ ਸਕੀਏ। ਅਸੀਂ ਆਪਣੀ ਜਿੰਦਗੀ ਨੂੰ ਫੁੱਲਾਂ ਦੀ ਸੇਜ਼ ਦੀ ਤਰਾਂ ਅਰਾਮਦਾਇਕ ਬਣਾ ਸਕਦੇ ਹਾਂ ਪਰ ਸ਼ਰਤ ਕਿ ਆਪਣੇ ਮਨ ਨੂੰ ਤਬਦੀਲ ਕਰਨ ਦਾ ਫੈਸਲਾ ਸਾਡਾ ਹੋਵੇ। ਯਾਦ ਰੱਖੋ ਕਿ ਸਾਡਾ ਮਨ ਇਕੱਲਾ ਹੀ ਸਾਡੀ ਸਫਲਤਾ ਦੀ ਕੁੰਜੀ ਅਤੇ ਲਿਖਾਰੀ ਹੈ। ਜੇਕਰ ਅਸੀਂ ਆਪਣੇ ਵਿਚਾਰਾਂ ਦੇ ਮਾਸਟਰ ਹਾਂ ਤਾਂ ਅਸੀਂ ਆਪਣੇ ਮਨ ਵਿੱਚ ਉੱਠਦੇ ਵਲਵਲਿਆਂ ਉੱਪਰ ਵੀ ਕਾਬੂ ਪਾ ਸਕਦੇ ਹਾਂ। ਜੇਕਰ ਇੱਕ ਵਾਰ ਅਸੀਂ ਆਪਣੇ ਮਨ ਨੂੰ ਆਪਣੇ ਕਾਬੂ ਵਿੱਚ ਕਰ ਲਿਆ ਤਾਂ ਸਹਿਜੇ ਹੀ ਆਪਣੀ ਜਿੰਦਗੀ ਤੇ ਨਿਯੰਤਰਣ ਕਰ ਸਕਦੇ ਹਾਂ ਅਤੇ ਜਦੋਂ ਅਸੀਂ ਆਪਣੇ ਜੀਵਨ ਨੂੰ ਸਹੀ ਦਿਸ਼ਾ ਵਿੱਚ ਨਿਯੰਤਰਣ ਕਰ ਲਿਆ ਤਾਂ ਆਪਣੇ ਮਿਥੇ ਹੋਏ ਟੀਚੇ ਨੂੰ ਸਰ ਕਰਨਾ ਕੋਈ ਵੱਡੀ ਚੁਣੌਤੀ ਨਹੀਂ ਰਹਿ ਜਾਂਦੀ। ਆਪਣੇ ਮਕਸਦ ਵਿੱਚ ਕਾਮਯਾਬ ਹੋਣ ਲਈ ਸਾਡੇ ਮਨ ਦਾ ਇਕਾਗਰ ਹੋਣਾ ਬਹੁਤ ਜਰੂਰੀ ਹੈ। ਜਦੋਂ ਅਸੀਂ ਕਿਸੇ ਵੀ ਕੰਮ ਨੂੰ ਇਕਾਗਰਤਾ, ਦ੍ਰਿੜ ਨਿਸ਼ਚੇ ਅਤੇ ਜੰਨੂਨੀਅਤ ਨਾਲ ਕਰਦੇ ਹਾਂ ਤਾਂ ਉਸ ਵਿੱਚੋਂ ਕਾਰਗਰ ਨਤੀਜੇ ਨਿਕਲਣੇ ਨਿਸਚਿਤ ਹਨ। ਬੇਸ਼ਰਤੇ ਇਹਨਾਂ ਸਾਰੇ ਗੁਣਾ ਪਿੱਛੇ ਵੀ ਇੱਕ ਸਾਧਨ ਹੈ, ਉਹ ਹੈ ਭੜਕੀਲੇ ਮਨ ਨੂੰ ਸ਼ਾਂਤ ਕਰਨਾ। ਇੱਥੇ ਇੱਕ ਉਦਹਾਰਣ ਜਰੂਰ ਦੇਣਾ ਚਾਹਾਂਗੀ ਕਿ ਅਕਸਰ ਹੀ ਜਿਸ ਕੰਮ ਵਿੱਚ ਜਿਆਦਾ ਇਕਾਗਰਤਾ, ਧਿਆਨ ਜਾਂ ਮਿਹਨਤ ਦੀ ਜਰੂਰਤ ਹੁੰਦੀ ਹੈ ਅਸੀਂ ਕਰਨ ਤੋਂ ਗੁਰੇਜ਼ ਕਰਦੇ ਹਾਂ ਅਤੇ ਬਹਾਨਾ ਸਾਡੇ ਕੋਲ ਹੁੰਦਾ ਹੈ ਕਿ ਮਨ ਨਹੀਂ ਕਰਦਾ।



ਹਰਕੀਰਤ ਕੌਰ
9779118066

ਅਕਸਰ ਮੇਰੇ ਵਿਦਿਆਰਥੀਆਂ ਦਾ ਪੜਾਈ ਨੂੰ ਲੈਕੇ ਵੀ ਇਹੀ ਬਹਾਨਾ ਹੁੰਦਾ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਾਰੀ ਖੇਡ ਹੀ ਮਨ ਦੀ ਹੈ। ਸੋ ਸਾਡਾ ਆਪਣੇ ਮਨ ਦੇ ਉੱਪਰ ਨਿਯੰਤਰਣ ਹੋਣਾ ਬਹੁਤ ਜਰੂਰੀ ਹੈ। ਤਾਂ ਜੋ ਅਸੀਂ ਆਪਣੀ ਮੰਜ਼ਿਲ ਨੂੰ ਸਰ ਕਰ ਸਕੀਏ। ਅਸੀਂ ਆਪਣੇ ਮਨ ਨੂੰ ਉਦੋਂ ਹੀ ਤਬਦੀਲ ਕਰ ਸਕਦੇ ਹਾਂ ਜਦੋਂ ਅਸੀਂ ਇਸਨੂੰ ਨਕਾਰਾਤਮਕ ਊਰਜਾ ਤੋਂ ਦੂਰ ਰੱਖਾਂਗੇ ਅਤੇ ਹਮੇਸ਼ਾ ਚੰਗਾ ਅਤੇ ਸਕਾਰਾਤਮਕ ਸੋਚਾਂਗੇ। ਸੋ ਸੁਪਨਿਆਂ ਦੀਆਂ ਉੱਚੀਆਂ ਪਹਾੜੀਆਂ ਸਰ ਕਰਨ ਲਈ ਜਰੂਰੀ ਹੈ ਪਹਾੜਾਂ ਵਰਗੇ ਮਜ਼ਬੂਤ ਮਨ ਦਾ ਹੋਣਾ।





# ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਵੱਲੋਂ ਪੰਜਵਾਂ ਕੰਨਿਆਦਾਨ ਸਮਾਗਮ

ਜਲੰਧਰ-ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆ ਦਾਨ ਸੰਸਥਾ (ਰਜਿ.) ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 644ਵੇਂ ਆਗਮਨ ਪੁਰਬ ਨੂੰ ਸਮਰਪਿਤ 5 ਲੋੜਵੰਦ



ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਮਿਤੀ 7 ਮਾਰਚ 2021 ਦਿਨ ਐਤਵਾਰ ਨੂੰ ਸਨਰਾਈਜ਼ ਕਮਿਊਨਿਟੀ ਸੈਂਟਰ, ਰੰਧਾਵਾ ਮਸੰਦਾਂ ਜਲੰਧਰ ਵਿਖੇ ਕੀਤੇ ਗਏ। ਸੰਸਥਾ ਸੰਸਥਾਪਕ ਸਤਪਾਲ ਮਹੇ (ਯੂ.ਏ.ਈ.) ਤੇ ਪੰਜਾਬ ਪ੍ਰਧਾਨ ਬੀਰ ਚੰਦ ਸੁਰੀਲਾ ਤੇ ਸਾਥੀਆਂ ਦੇ ਸਹਿਯੋਗ ਸਦਕਾ ਇਹ ਪੰਜਵਾਂ ਕੰਨਿਆ ਦਾਨ ਸਮਾਗਮ ਬੜੇ ਹੀ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ। ਜਿਸ ਵਿਚ ਪੰਜ ਸਮੂਹਿਕ ਵਿਆਹ ਕੀਤੇ ਗਏ। ਇਨਾਂ ਵਿਚ ਪ੍ਰਵਾਸੀ ਵੀਰਾਂ ਤੇ ਸੰਸਥਾਂ ਦੇ ਮੈਂਬਰਾਂ ਦਾ ਉੱਘਾ ਯੋਗਦਾਨ ਰਿਹਾ। ਕੰਨਿਆਦਾਨ ਨੂੰ ਉੱਤਮ ਦਾਨ ਸਮਝ ਕੇ ਨਗਰ ਨਿਵਾਸੀਆਂ ਨੇ ਵੀ ਆਪਣੀ ਸਮਰੱਥਾ ਮੁਤਾਬਿਕ ਯੋਗਦਾਨ ਪਾਇਆ।



ਇਸ ਮੌਕੇ ਮੁੱਖ ਮਹਿਮਾਨ ਸ੍ਰੀ ਵਿਜੇ ਕੁਮਾਰ ਨਾਇਬ ਤਹਿਸੀਲਦਾਰ ਜਲੰਧਰ ਅਤੇ ਸ. ਬਲਕਾਰ ਸਿੰਘ ਰਿਟਾਇਰਡ ਡੀ.ਸੀ.ਪੀ. ਪੰਜਾਬ ਪੁਲਿਸ, ਸ੍ਰੀ ਜਤਿੰਦਰ ਸਿੰਘ ਹੁੰਦਲ, ਸਾਈਂ ਮਧੂ ਜੀ (ਜਲੰਧਰ ਵਾਲੇ), ਡਾ. ਗੋਲਨ ਨੇ ਸੰਸਥਾ ਵੱਲੋਂ ਕੰਨਿਆਦਾਨ ਦੇ ਨਾਲ ਨਾਲ ਸਿੱਖਿਆ, ਖੇਡਾਂ ਅਤੇ ਮੈਡੀਕਲ ਕੈਂਪ ਲਗਾ ਕੇ ਪਰਉਪਕਾਰ ਦੇ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਧਾਨ ਬੀਰ ਚੰਦ ਸੁਰੀਲਾ, ਉਪ ਪ੍ਰਧਾਨ ਸ. ਸਰਵਣ ਸਿੰਘ ਅਤੇ ਸੰਸਥਾ ਸੰਸਥਾਪਕ ਸੁਰੇਸ਼ ਕਲੇਰ , ਪ੍ਰੈਸ ਸਕੱਤਰ ਬਲਰਾਜ ਸਿੰਘ ਨੇ ਪੰਜਵੇਂ ਕੰਨਿਆਦਾਨ ਸਮਾਗਮ 'ਚ ਸਹਿਯੋਗ ਦੇਣ ਵਾਲੇ ਹਰ ਸਹਿਯੋਗੀ ਦਾ ਤਹਿਦਿਲੋਂ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੇ ਕੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਸਫ਼ਲ ਬਨਾਉਣ ਲਈ ਹੌਂਸਲਾ ਦਿੰਦੇ ਰਹਿਣ ਦੀ ਬੇਨਤੀ ਕੀਤੀ। ਕੰਨਿਆਦਾਨ ਸੰਸਥਾ ਵੱਲੋਂ ਇਸ ਸਾਲ ਕਈ ਸਕੂਲਾਂ ਦੇ ਵਿਦਿਆਰਥੀ ਜਿਨ੍ਹਾਂ ਦੇ ਨੰਬਰ 85% ਤੋਂ ਵੱਧ ਸਨ ਉਨ੍ਹਾਂ ਦਾ ਨਕਦ ਇਨਾਮ ਦੇ ਕੇ ਸਨਮਾਨ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸਮਾਗਮ ਵਿਚ ਸ਼ਿਰਕਤ ਕਰਕੇ ਸੰਸਥਾ ਦਾ ਮਾਣ ਵਧਾਇਆ। ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਵਿਚ, ਸੁਰਿੰਦਰ ਪਾਲ ਜਨਾਗਲ, ਮਦਨ ਸਿੰਘ, ਦਵਿੰਦਰ ਸੁਰੀਲਾ, ਡਾ ਇੰਦਰਜੀਤ ਕੰਜਲਾ , ਮਾਤਾ , ਮਲਕੀਤੋ , ਬੀਬੀ ਦਲਵੀਰ ਕੌਰ , ਸਰਬਜੀਤ ਕੌਰ ਧੁੱਗਾ , ਬੀਬੀ ਇੰਦਰਜੀਤ ਕੌਰ ਰਾਉਵਾਲੀ , ਬਲਜੀਤ ਸਿੰਘ ਚੀਮਾ (ਚੀਮਾ ਕੋਰੀਅਰ ਸਰਵਿਸ),

**ਵਿਜੇ ਕੁਮਾਰ ਨਾਇਬ ਤਹਿਸੀਲਦਾਰ, ਬਲਕਾਰ ਸਿੰਘ ਡੀ.ਸੀ.ਪੀ. ਪੰਜਾਬ ਪੁਲਿਸ, ਜਤਿੰਦਰ ਸਿੰਘ ਹੁੰਦਲ, ਸਾਈਂ ਮਧੂ ਜੀ ਨੇ ਨਵ ਵਿਆਹੀਆਂ ਜੋੜੀਆਂ ਨੂੰ ਦਿੱਤਾ ਅਸ਼ੀਰਵਾਦ**

ਇੰਜੀ. ਮਮਤਾ ਮਹੇ ਕਨੈਡਾ , ਗੁਰਪ੍ਰੀਤ, ਸੁਨੀਲ, ਜਗਦੀਪ ਵਾਲੀਆ, ਨਛੱਤਰ ਕਲੇਰ, ਵਿਨੇ ਕਲੇਰ, ਸੱਤਪਾਲ ਭੱਟੀ, ਸਰਬਜੀਤ , ਹਰਪ੍ਰੀਤ ਸਿੰਘ , ਹਰੀਸ਼ ਵਿਰਦੀ, ਸੰਜੀਵ ਸਲਾਰਪੁਰ , ਐਡ. ਜਗਜੀਵਨ ਰਾਮ, ਡਾ. ਮੱਖਣ ਲਾਲ, ਪ੍ਰਿੰਸੀ. ਪਰਮਜੀਤ ਜੱਸਲ, ਇੰਜੀ . ਅਜੀਤ ਸਿੰਘ , ਤਿਲਕ ਰਾਜ, ਯੋਗਰਾਜ ,ਗੁਰਦਿਆਲ ਚੰਦ, ਸੰਜੀਵ ਭੱਟੀ ਬੁਲੰਦਪੁਰ , ਬਾਬਾ ਜਗੀਰ ਸਿੰਘ, ਤਰਸੇਮ ਬੱਧਣ, ਉਕਾਰ ਰੱਤੂ, ਰਮਨ ਕੁਮਾਰ , ਰੂੜਾ ਰਾਮ ਮਾਹੀ, ਗਿਆਨ ਚੰਦ ਮੱਲ , ਪ੍ਰਧਾਨ ਪਰਮਜੀਤ ਸਿੰਘ, ਕੇਵਲ ਕ੍ਰਿਸ਼ਨ ਮਾਹੀ, ਪ੍ਰੇਮ ਧਨਾਲ, ਮਹਿੰਦਰ ਲਾਲ ਸਰਪੰਚ, ਵੈਦ ਸੋਮ ਪ੍ਰਕਾਸ਼, ਦੇਵਰਾਜ ਕਲੇਰ ,ਸੁਰਜੀਤ ਲਾਲ ਸਰਪੰਚ, ਰਾਜ ਕੁਮਾਰ ਸਰਪੰਚ, ਜੋਗਿੰਦਰ ਸਿੰਘ , ਪ੍ਰੀਆ ਬੰਗਾ , ਮੀਕਾ ਮਸਾਨੀ ,ਪੰਮੀ ਲਾਲੋ ਮਜਾਰਾਂ, ਦਰਸ਼ਨ ਸਿੰਘ , ਰਵੀ ਕੁਮਾਰ , ਮਨਜੀਤ , ਅਜੇ ਦੁਸਾਂਝ , ਅਰਵਿੰਦਰ ਦਦਰਾਲ , ਆਦਿ ਹਾਜ਼ਰ ਸਨ।

MATHEMATICS TUTOR
For University College & School Student All Grades.
Calculus, Algebra, Trigonometry, Coordinate Geometry, 3D, Vectors, Statistics, Matrices Determinants, Derivatives, Integrations etc.
Personal, Online and Home Visits
Bhupinder Singh Kamboj
M.Phil (Maths), M.Sc (Maths) M.Ed, and P.G. Statistics
778-861-7130
Email: kamboj59@yahoo.com





ਊਰਜਾ ਬਚਾਓ।
ਪੈਸੇ ਬਚਾਓ।
ਹੁਣੇ ਸਵਿੱਚ ਕਰੋ।

ਆਪਣੀ ਰੀਬੇਟ (ਛੋਟ) ਦੁੱਗਣੀ ਕਰੋ

ਤੇਲ, ਕੁਦਰਤੀ ਗੈਸ ਜਾਂ ਪ੍ਰੋਪੇਨ ਤੋਂ ਇਲੈਕਟ੍ਰਿਕ ਹੀਟ ਪੰਪ ਨਾਲ ਸਵਿੱਚ ਕਰਨ 'ਤੇ CleanBC ਰੀਬੇਟ ਨਾਲ $8,300 ਤੱਕ ਦੀ ਬੱਚਤ ਕਰੋ।

ਹਿੱਸਾ ਲੈਣ ਵਾਲੀਆਂ ਮਿਊਂਸਪੈਲਟੀਆਂ ਵਿੱਚ ਵਾਧੂ ਰੀਬੇਟਾਂ ਉਪਲਬਧ ਹਨ।

31 ਮਾਰਚ, 2021 ਤੱਕ ਆਪਣੀ ਰੀਬੇਟ ਨੂੰ ਦੁੱਗਣਾ ਕਰਨ ਲਈ ਰਜਿਸਟਰ ਕਰੋ।*

ਵਧੇਰੇ ਜਾਣੋ: BetterHomesBC.ca/double-the-rebate

*ਨਿਯਮ ਅਤੇ ਸ਼ਰਤਾਂ ਲਾਗੂ

British Columbia | cleanBC BETTER HOMES | Canada

# ਡੀ.ਡੀ. ਪੰਜਾਬੀ ਦੀ ਵੱਡੀ ਪੁਲਾਂਘ



ਪ੍ਰੋ: ਕੁਲਬੀਰ ਸਿੰਘ
9417153513

ਦੂਰਦਰਸ਼ਨ ਦੇ ਦੇਸ਼ ਭਰ ਦੇ ਖੇਤਰੀ ਭਾਸ਼ਾਈ ਸੈਟੇਲਾਈਟ ਚੈਨਲਾਂ ਦੀ ਗਿਣਤੀ 19 ਹੈ। ਡੀ ਡੀ ਪੰਜਾਬੀ ਉਨ੍ਹਾਂ ਵਿਚੋਂ ਇਕ ਹੈ। ਖੁਸ਼ੀ ਦੀ ਗੱਲ ਹੈ ਕਿ ਬੀਤੇ ਵਰਿਆਂ ਦੀ ਡਾਵਾਂਡੋਲ ਸਥਿਤੀ ਨੂੰ ਪਾਰ ਕਰਦਿਆਂ ਫਰਵਰੀ ਵਿਚ ਡੀ ਡੀ ਪੰਜਾਬੀ ਟੀ.ਆਰ.ਪੀ. ਪੱਖੋਂ ਉਪਰੋਕਤ ਚੈਨਲਾਂ ਵਿਚੋਂ ਪਹਿਲੇ ਸਥਾਨ 'ਤੇ ਪਹੁੰਚ ਗਿਆ ਹੈ। ਇਹਦੇ ਵਿਚ ਦੂਰਦਰਸ਼ਨ ਕੇਂਦਰ ਜਲੰਧਰ ਦੀ ਸਮੁੱਚੀ ਟੀਮ ਅਤੇ ਨਵੇਂ ਪ੍ਰੋਗਰਾਮ ਡਾਇਰੈਕਟਰ ਸ਼੍ਰੀ ਪੁਨੀਤ ਸਹਿਗਲ ਦੀ ਅਹਿਮ ਭੂਮਿਕਾ ਹੈ। ਡੀ ਡੀ ਪੰਜਾਬੀ ਵੇਖਣਯੋਗ ਹੋ ਗਿਆ ਹੈ। ਕਦੇ ਗੀਤ ਸੰਗੀਤ, ਕਦੇ ਵਿਚਾਰ-ਵਿਟਾਂਦਰਾ, ਕਦੇ ਮੁਲਾਕਾਤਾਂ, ਕਦੇ ਨਾਟਕ, ਕਦੇ ਸਿਹਤ-ਸੰਭਾਲ, ਕਦੇ ਖੇਤ ਤੇ ਖੇਤੀ, ਕਦੇ ਗੱਲਾਂ ਤੇ ਗੀਤ, ਕਦੇ ਪੁਰਾਣੀਆਂ ਯਾਦਾਂ ਅਤੇ ਕਦੇ ਖ਼ਾਸ ਖ਼ਾਸ ਪ੍ਰੋਗਰਾਮਾਂ ਦਾ ਮੁੜ ਪ੍ਰਸਾਰਨ। ਸਾਰਾ ਦਿਨ ਇਹ ਸਿਲਸਲਾ ਚੱਲਦਾ ਰਹਿੰਦਾ ਹੈ।

ਕੋਰੋਨਾ ਸੰਕਟ ਅਤੇ ਸਕੂਲਾਂ ਦੇ ਸਿੱਖਿਆ ਪ੍ਰਸਾਰਨ ਕਾਰਨ ਇਕ ਖੜੋਤ ਆ ਗਈ ਸੀ। ਭਾਵੇਂ ਦੂਰਦਰਸ਼ਨ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਕੰਮ ਸੁਖਾਲਾ ਹੋ ਗਿਆ ਸੀ, ਪਰੰਤੂ ਜਵਾਬਦੇਹੀ ਤਾਂ ਸੀ। ਆਖ਼ਰਕਾਰ ਨਬੇੜਾ ਕਾਰਗੁਜ਼ਾਰੀ 'ਤੇ ਹੀ ਹੋਣਾ ਸੀ । ਸੋ ਉਹ ਸਮਾਂ ਆਣ ਪੁੱਜਾ ਹੈ। ਭਾਵੇਂ ਅੱਜ ਵੀ ਸਮੱਸਿਆਵਾਂ ਮੁੱਕੀਆਂ ਨਹੀਂ ਹਨ। ਕੋਰੋਨਾ ਸੰਕਟ ਅਜੇ ਵੀ ਬਰਕਰਾਰ ਹੈ। ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਕਰਮਚਾਰੀਆਂ, ਅਧਿਕਾਰੀਆਂ ਦੀ ਭਰਤੀ ਦਾ ਮਾਮਲਾ ਅਜੇ ਵੀ ਜਿਉਂ ਦਾ ਤਿਉਂ ਲਟਕਿਆ ਹੋਇਆ ਹੈ। ਡੀ ਡੀ ਪੰਜਾਬੀ ਦਾ ਪ੍ਰਸਾਰਨ ਸਮਾਂ ਜਦ ਸੀਮਤ ਹੁੰਦਾ ਸੀ ਤਾਂ ਪ੍ਰੋਡਿਊਸਰਾਂ ਦੀ ਗਿਣਤੀ 25+25 ਹੁੰਦੀ ਸੀ। 25 ਪ੍ਰੋਡਿਊਸਰ ਅਤੇ 25 ਪ੍ਰੋਡਕਸ਼ਨ ਅਸਿਸਟੈਂਟ। ਹੁਣ ਜਦ ਪ੍ਰਸਾਰਨ 24 ਘੰਟੇ ਚੱਲਦਾ ਹੈ ਤਾਂ ਪ੍ਰੋਡਿਊਸਰਾਂ ਦੀ ਗਿਣਤੀ ਬਹੁਤ ਘੱਟ ਰਹਿ ਗਈ ਹੈ। ਜਦ ਕੋਈ ਪ੍ਰੋਡਿਊਸਰ ਸੇਵਾ ਮੁਕਤ ਹੁੰਦਾ ਹੈ ਜਾਂ ਕਿਸੇ ਦਾ ਤਬਾਦਲਾ ਹੁੰਦਾ ਹੈ ਤਾਂ ਉਸਦੇ ਸਥਾਨ 'ਤੇ ਨਿਯੁਕਤੀ ਨਹੀਂ ਕੀਤੀ ਜਾਂਦੀ। ਉਹ ਪੋਸਟ ਖਾਲੀ ਰਹਿੰਦੀ ਹੈ। ਇੰਝ ਘੱਟਦੇ ਘੱਟਦੇ ਹੁਣ ਪ੍ਰੋਡਿਊਸਰਾਂ ਦੀ ਗਿਣਤੀ ਕੇਵਲ 4 ਰਹਿ ਗਈ ਹੈ। ਸਾਰਾ ਦਿਨ ਬਹੁਤ ਸਾਰੇ ਪ੍ਰੋਗਰਾਮ ਲਾਈਵ ਜਾਂਦੇ ਹਨ। ਉਨ੍ਹਾਂ ਲਈ ਲੋੜੀਂਦੇ ਪ੍ਰਬੰਧ, ਦੇਖ ਰੇਖ ਅਤੇ ਪ੍ਰੋਡਿਊਸਰ ਦੀ ਮੌਜੂਦਗੀ ਮੁਸ਼ਕਲ ਹੋ ਗਈ ਹੈ। ਇਸੇ ਕਾਰਨ ਬਹੁਤ ਸਾਰੇ ਸੇਵਾ ਮੁਕਤ ਸੀਨੀਅਰ ਅਧਿਕਾਰੀਆਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਉਨ੍ਹਾਂ ਦਾ ਅਨੁਭਵ, ਉਨ੍ਹਾਂ ਦਾ ਤਜਰਬਾ ਡੀ ਡੀ ਪੰਜਾਬੀ ਲਈ ਲਾਹੇਵੰਦ ਸਾਬਤ ਹੋ ਰਿਹਾ ਹੈ। ਸਾਲ ਡੇਢ ਸਾਲ ਪਹਿਲਾਂ ਡੀ ਡੀ ਪੰਜਾਬੀ ਦਰਸ਼ਕ ਗਿਣਤੀ ਪੱਖੋਂ ਦੂਰਦਰਸ਼ਨ ਦੇ ਖੇਤਰੀ ਚੈਨਲਾਂ ਵਿਚੋਂ ਸੱਤਵੇਂ ਸਥਾਨ 'ਤੇ ਸੀ। ਸ਼੍ਰੀ ਪੁਨੀਤ ਸਹਿਗਲ ਨੇ ਅਪ੍ਰੈਲ 2020 ਵਿਚ ਬਤੌਰ ਪ੍ਰੋਗਰਾਮ ਡਾਇਰੈਕਟਰ ਕਾਰਜ ਭਾਰ ਸੰਭਾਲਿਆ ਸੀ। ਉਨ੍ਹਾਂ ਨੇ ਤੇਜ਼ੀ ਨਾਲ ਪ੍ਰੋਗਰਾਮਾਂ ਵਿਚ ਅਦਲ ਬਦਲ ਕਰਕੇ ਡੀ ਡੀ ਪੰਜਾਬੀ ਦਾ ਮੂੰਹ-ਮੁਹਾਂਦਰਾ ਬਦਲਣ ਦੀ ਕੋਸ਼ਿਸ਼ ਕੀਤੀ। ਪੁਰਾਣੇ ਚੁਣੀਂਦਾ ਪ੍ਰੋਗਰਾਮਾਂ ਦਾ ਪ੍ਰਸਾਰਨ ਕਰਕੇ ਦਰਸ਼ਕਾਂ ਦਾ ਧਿਆਨ ਖਿੱਚਿਆ। ਹੁਣ ਜਦ ਕੋਰੋਨਾ ਦਾ ਖੌਫ਼ ਕੁਝ ਘਟਿਆ ਹੈ ਤਾਂ ਨਵੇਂ ਸਿਰੇ ਤੋਂ ਵਿਉਂਤਬੰਦੀ ਕਰਕੇ ਡੀ ਡੀ ਪੰਜਾਬੀ ਨੂੰ ਮੁੜ ਬੁਲੰਦੀਆਂ ਵੱਲ ਲੈ ਜਾਣ ਦੇ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਦੌਰਾਨ ਹੀ ਦਿਹਾਤੀ ਤੇ ਸ਼ਹਿਰੀ ਦਰਸ਼ਕ ਵੱਡੀ ਗਿਣਤੀ ਵਿਚ ਇਸ ਚੈਨਲ ਨਾਲ ਜੁੜਨੇ ਆਰੰਭ ਹੋ ਗਏ ਹਨ ਅਤੇ ਇਹ ਦੂਰਦਰਸ਼ਨ ਦੇ ਖੇਤਰੀ ਭਾਸ਼ਾਈ ਸੈਟੇਲਾਈਟ ਚੈਨਲਾਂ ਵਿਚੋਂ ਪਹਿਲੇ ਸਥਾਨ 'ਤੇ ਪਹੁੰਚ ਗਿਆ ਹੈ। ਉਮੀਦ ਹੈ ਜਦ ਪੰਜਾਬ ਕੋਰੋਨਾ ਮੁਕਤ ਹੋ ਜਾਵੇਗਾ ਅਤੇ ਖੁਲ੍ਹ ਕੇ ਪ੍ਰੋਗਰਾਮਾਂ ਦੀ ਤਿਆਰੀ ਹੋਣ ਲੱਗੇਗੀ ਤਾਂ ਡੀ ਡੀ ਪੰਜਾਬੀ ਦੇ ਦਰਸ਼ਕਾਂ ਦੀ ਗਿਣਤੀ ਵਿਚ ਇਕ ਵਾਰ ਫੇਰ ਵੱਡਾ ਵਾਧਾ ਹੋਵੇਗਾ। ਸਾਹਿਤ, ਕਲਾ, ਚਲੰਤ ਮਾਮਲਿਆਂ ਅਤੇ ਸ਼ਖ਼ਸੀਅਤ ਆਧਾਰਿਤ ਮੁਲਾਕਾਤਾਂ ਦੇ ਨਵੇਂ ਪੁਰਾਣੇ ਅਜਿਹੇ ਪ੍ਰੋਗਰਾਮ ਪ੍ਰਸਾਰਿਤ ਹੋ ਰਹੇ ਹਨ ਕਿ ਪੰਜਾਬੀ ਦਰਸ਼ਕ ਰਿਮੋਟ ਦਾ ਬੱਟਨ ਦਬਾਉਂਦਾ ਹੋਇਆ ਡੀ ਡੀ ਪੰਜਾਬੀ 'ਤੇ ਆ ਕੇ ਅਵੱਸ਼ ਰੁਕ ਜਾਂਦਾ ਹੈ। ਇਸ ਪਿੱਛੇ ਅਧਿਕਾਰੀਆਂ ਅਤੇ ਪ੍ਰੋਡਿਊਸਰਾਂ ਦੀ ਸਮਝ ਤੇ ਸਿਰਜਣਾ ਕਾਰਜਸ਼ੀਲ ਹੈ। ਪੰਜਾਬੀ ਚੈਨਲਾਂ ਵਿਚੋਂ ਦਰਸ਼ਕ ਗਿਣਤੀ ਪੱਖੋਂ ਫਰਵਰੀ ਦੇ ਤੀਸਰੇ ਹਫ਼ਤੇ ਡੀ ਡੀ ਪੰਜਾਬੀ ਦੂਸਰੇ ਨੰਬਰ 'ਤੇ ਰਿਹਾ ਹੈ। ਪਹਿਲੇ ਨੰਬਰ 'ਤੇ ਪੀ ਟੀ ਸੀ ਹੈ। ਸ਼੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਕਰਨ ਪੀ ਟੀ ਸੀ ਲੰਮੇ ਸਮੇਂ ਤੋਂ ਪਹਿਲੇ ਸਥਾਨ 'ਤੇ ਆ ਰਿਹਾ ਹੈ ਕਿਉਂਕਿ ਇਹ ਪ੍ਰਸਾਰਨ ਦੁਨੀਆਂ ਭਰ ਦੇ ਪੰਜਾਬੀਆਂ ਦੁਆਰਾ ਵੱਡੀ ਪੱਧਰ 'ਤੇ ਵੇਖਿਆ ਜਾਂਦਾ ਹੈ। ਖ਼ਾਸ ਕਰਕੇ ਸਿੱਖ ਭਾਈਚਾਰੇ ਦਾ ਇਸ ਪ੍ਰਸਾਰਨ ਪ੍ਰਤੀ ਵਿਸ਼ੇਸ਼ ਆਕਰਸ਼ਨ ਰਹਿੰਦਾ ਹੈ। ਡੀ ਡੀ ਪੰਜਾਬੀ ਦੀ 8-10 ਮਹੀਨੇ ਪਹਿਲਾਂ ਵਾਲੀ ਤਰਸਯੋਗ ਸਥਿਤੀ ਬਿਲਕੁਲ ਬਦਲ ਗਈ ਹੈ। ਮੁਕਾਬਲਾ ਸਖ਼ਤ ਹੁਣ ਦੇ ਬਾਵਜੂਦ ਨਵੀਂ ਰੂਪ-ਰੇਖਾ ਅਤੇ ਨਵੇਂ ਪ੍ਰੋਗਰਾਮਾਂ ਦੇ ਬਲਬੂਤੇ ਸਮੁੱਚੀ ਨੁਹਾਰ ਬਦਲ ਕੇ ਇਸਨੇ ਬਾਜ਼ੀ ਜਿੱਤ ਲਈ ਹੈ। ਧਾਰਮਿਕ ਪ੍ਰੋਗਰਾਮਾਂ 'ਤੇ ਧਿਆਨ ਕੇਂਦਰਿਤ ਕਰਕੇ, ਸੱਜਰੀ ਸਵੇਰ ਨੂੰ ਹੋਰ ਨਿਖਾਰ ਕੇ, ਕੋਰੋਮਾ ਸੈਟ ਦੇ ਤਜਰਬੇ ਕਰਕੇ, ਗੱਲਾਂ ਤੇ ਗੀਤ ਨੂੰ ਦਿਹਾਤੀ ਦਰਸ਼ਕਾਂ ਨਾਲ ਜੋੜ ਕੇ, ਮੇਰਾ ਪਿੰਡ ਮੇਰੇ ਖੇਤ ਦੀ ਪੇਸ਼ਕਾਰੀ ਨੂੰ ਸੁਭਾਵਕ ਤੇ ਪੇਂਡੂ ਰੰਗ ਵਿਚ ਰੰਗ ਕੇ, ਆਪੋ ਆਪਣੀ ਗੱਲ ਰਾਹੀਂ ਨੌਜਵਾਨ ਵਰਗ ਨੂੰ ਆਕਰਸ਼ਕ ਕਰਕੇ ਡੀ ਡੀ ਪੰਜਾਬੀ ਨੇ ਆਪਣਾ ਦਰਸ਼ਕ-ਦਾਇਰਾ ਮੋਕਲਾ ਕਰ ਲਿਆ ਹੈ। ਨਾਟਕ, ਲੜੀਵਾਰ, ਟੈਲੀਫ਼ਿਲਮਾਂ, ਕਵੀ ਦਰਬਾਰ ਅਤੇ ਚੋਣਵੀਆਂ ਕਹਾਣੀਆਂ ਦੇ ਟੀ.ਵੀ. ਫ਼ਿਲਮਾਂਕਣ ਨੇ ਸਾਹਿਤਕ ਮੱਸ ਵਾਲੇ ਦਰਸ਼ਕਾਂ ਨੂੰ ਮੋੜ ਲਿਆਂਦਾ ਹੈ। ਲਾਕਡਾਊਨ ਦੌਰਾਨ 'ਜਾਨ ਹੈ ਜਹਾਨ ਹੈ' ਤਹਿਤ ਚਰਚਿਤ ਕਲਾਕਾਰਾਂ ਨਾਲ ਆਨਲਾਈਨ ਮੁਲਾਕਾਤਾਂ ਨੇ ਡੀ ਡੀ ਪੰਜਾਬੀ ਵਿਚ ਦਰਸ਼ਕਾਂ ਦੀ ਦਿਲਚਸਪੀ ਪੈਦਾ ਕਰ ਦਿੱਤੀ ਸੀ। ਪ੍ਰਮੋਸ਼ਨਲ ਗੀਤ ਵੀ ਇਸ ਚੈਨਲ ਨੂੰ ਮੁੜ ਜਿਊਂਦਾ ਜਾਗਦਾ ਕਰਨ ਵਿਚ ਸਹਾਈ ਹੋਇਆ ਹੈ। ਉਪਰੋਕਤ ਪ੍ਰਾਪਤੀਆਂ ਦਾ ਸਿਹਰਾ ਜਿੱਥੇ ਸਮੁੱਚੀ ਟੀਮ ਨੂੰ ਜਾਂਦਾ ਹੈ ਉਥੇ ਪ੍ਰੋਗਰਾਮ ਡਾਇਰੈਕਟਰ ਸ਼੍ਰੀ ਪੁਨੀਤ ਸਹਿਗਲ, ਸ਼੍ਰੀ ਗੁਰਮੇਲ ਸਿੰਘ (ਗੱਲਾਂ ਤੇ ਗੀਤ), ਸ਼੍ਰੀ ਸ਼ਲੈਂਦਰ ਸ਼ਰਮਾ (ਚਲੰਤ ਮਾਮਲੇ) ਅਤੇ ਸ਼੍ਰੀ ਅਮਰਜੀਤ ਸਿੰਘ ਕੁੱਕੂ (ਸਾਹਿਤਕ ਪ੍ਰੋਗਰਾਮ) ਦਾ ਵਿਸ਼ੇਸ਼ ਯੋਗਦਾਨ ਹੈ।







> ਡੀ ਡੀ ਪੰਜਾਬੀ ਦੀ 8-10 ਮਹੀਨੇ ਪਹਿਲਾਂ ਵਾਲੀ ਤਰਸਯੋਗ ਸਥਿਤੀ ਬਿਲਕੁਲ ਬਦਲ ਗਈ ਹੈ। ਮੁਕਾਬਲਾ ਸਖ਼ਤ ਹੁਣ ਦੇ ਬਾਵਜੂਦ ਨਵੀਂ ਰੂਪ-ਰੇਖਾ ਅਤੇ ਨਵੇਂ ਪ੍ਰੋਗਰਾਮਾਂ ਦੇ ਬਲਬੂਤੇ ਸਮੁੱਚੀ ਨੁਹਾਰ ਬਦਲ ਕੇ ਇਸਨੇ ਬਾਜ਼ੀ ਜਿੱਤ ਲਈ ਹੈ। ਧਾਰਮਿਕ ਪ੍ਰੋਗਰਾਮਾਂ 'ਤੇ ਧਿਆਨ ਕੇਂਦਰਿਤ ਕਰਕੇ, ਸੱਜਰੀ ਸਵੇਰ ਨੂੰ ਹੋਰ ਨਿਖਾਰ ਕੇ, ਕੋਰੋਮਾ ਸੈਟ ਦੇ ਤਜਰਬੇ ਕਰਕੇ, ਗੱਲਾਂ ਤੇ ਗੀਤ ਨੂੰ ਦਿਹਾਤੀ ਦਰਸ਼ਕਾਂ ਨਾਲ ਜੋੜ ਕੇ, ਮੇਰਾ ਪਿੰਡ ਮੇਰੇ ਖੇਤ ਦੀ ਪੇਸ਼ਕਾਰੀ ਨੂੰ ਸੁਭਾਵਕ ਤੇ ਪੇਂਡੂ ਰੰਗ ਵਿਚ ਰੰਗ ਕੇ, ਆਪੋ ਆਪਣੀ ਗੱਲ ਰਾਹੀਂ ਨੌਜਵਾਨ ਵਰਗ ਨੂੰ ਆਕਰਸ਼ਕ ਕਰਕੇ ਡੀ ਡੀ ਪੰਜਾਬੀ ਨੇ ਆਪਣਾ ਦਰਸ਼ਕ-ਦਾਇਰਾ ਮੋਕਲਾ ਕਰ ਲਿਆ ਹੈ।








# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਕੈਨੇਡੀਅਨ ਪੀ.ਆਰ., ਉਮਰ 28 ਸਾਲ ਕੱਦ 5'11", ਵਾਸਤੇ ਸੋਹਣੀ ਸੁਨੱਖੀ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 23 ਸਾਲ ਕੱਦ 5'8" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਮਾਲਵੇ ਜ਼ਿਲੇ ਨੂੰ ਪਹਿਲ। ਸੰਪਰਕ- +91-8427380002 ਜਾਂ 604-771-2575

apr 03

ਡੈਲਟਾ, ਬੀਸੀ (ਕੈਨੇਡਾ) ਵਿਖੇ ਰਹਿ ਰਿਹਾ Work Perimt Holder ਹਿੰਦੂ ਖੱਤਰੀ ਲੜਕਾ, ਉਮਰ 26 ਸਾਲ, ਕੱਦ 5'6", ਵਾਸਤੇ ਪੀ.ਆਰ., ਵਰਕ ਪਰਮਿਟ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਲੜਕੇ ਦੀ ਭੈਣ ਦਾ ਪਰਿਵਾਰ ਡੈਲਟਾ ਵਿਖੇ ਸੈਟਲਡ ਹੈ। ਸੰਪਰਕ ਫੋਨ ਨੰਬਰ-604-600-8466, 604-600-5490

mar 27

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

apr 03

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ- 604-761-7580 ਜਾਂ 604-599-8237

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

### ਰਿਸੈਪਸ਼ਨਿਸਟ ਦੀ ਲੋੜ

ਸਰੀ ਵਿੱਚ ਸਥਿਤ ਦਫਤਰ ਵਿੱਚ ਫਰੰਟ ਡੈਸਕ ਜਾਂ ਰਿਸੈਪਸ਼ਨਿਸਟ ਲੜਕੀ ਦੀ ਜ਼ਰੂਰਤ ਹੈ। ਅੰਗ੍ਰੇਜ਼ੀ ਅਤੇ ਪੰਜਾਬੀ ਜ਼ਰੂਰ ਬੋਲਣੀ ਆਉਣੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ 778-895-8848 ਤੇ ਕਾਲ ਕਰੋ

apr03

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ। ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ- 778-713-0015 ਜਾਂ 604-319-0044

apr 03

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

apr 10

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।


ਕੰਗ ਫਾਰਮਜ਼ 4136-168 ਸਟ੍ਰੀਟ, ਸਰੀ, ਬੀ.ਸੀ. ਵਾਲਿਆਂ ਨੂੰ ਫੁਲ ਟਾਇਮ ਫਾਰਮ ਵਰਕਜ਼ ਦੀ ਜ਼ਰੂਰਤ ਹੈ। ਤਨਖਾਹ 16.75 / ਘੰਟਾ। ਕੰਮ ਪੌਦੇ, ਸਿੰਚਾਈ, ਛਾਂਗਣ, ਬੂਟੀ ਆਦਿ ਲਗਾਉਣ ਹੈ। ਅਪਲਾਈ ਕਰੋ: resume.farmworkers@gmail.com

apr 10

ਫੌਰਮ ਰੈਂਟਲ (Form Rental) ਕੰਪਨੀ ਵਾਲਿਆਂ ਨੂੰ ਵਰਕਰਾਂ ਦੀ ਜ਼ਰੂਰਤ ਹੈ। ਕੰਮ ਫੁਲ ਟਾਇਮ ਹੈ। ਬੁਜ਼ਰਗ ਵੀ ਅਪਲਾਈ ਕਰ ਸਕਦੇ ਹਨ। ਹੋਰ ਜਾਣਕਾਰੀ ਲਈ ਕਾਲ ਕਰੋ: 604-761-9315

### ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਵੱਖਰਾ ਲਿਵਿੰਗ ਰੂਮ, 68 ਐਵੇਨਿਊ ਅਤੇ 142 ਸਟ੍ਰੀਟ ਦੇ ਨੇੜੇ। ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ। ਇੰਟਰਨੈਟ ਅਤੇ ਨਿੱਜੀ ਲਾਂਡਰੀ ਹੈ। ਕੋਈ ਪਾਲਤੂ ਜਾਨਵਰ ਨਹੀਂ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

15 ਫੜ, ਕਾਤਲਾਂ ਭਾਈ ਦਿਆਲ ਜੀ ਨੂੰ, ਬੰਨ੍ਹ ਦੇਗੇ ਦੇ ਵਿੱਚ ਬਹਾ ਦਿੱਤਾ।
ਭਾਂਡਾ ਭਰ ਕੇ ਪਾਣੀ ਦੇ ਨਾਲ ਉਨ੍ਹਾਂ, ਲਾਂਬੂ ਚੂਰ ਦੇ ਹੇਠ ਸੀ ਲਾ ਦਿੱਤਾ।
ਪਾਣੀ ਉਬਲੇ ਗੁੜ ਜਿਉਂ ਪੱਕਦਾ ਏ, ਸਾੜ ਜਿਸਮ ਤੋਂ ਮਾਸ ਸੀ ਲਾਹ ਦਿੱਤਾ।
ਹਰਚੰਦ ਸਿੰਘਾ ਭਾਈ ਦਿਆਲ ਜੀ ਨੇ, ਧਰਮ ਵਾਸਤੇ ਸਿਦਕ ਪੁਗਾਅ ਦਿੱਤਾ॥
16 ਮਤੀ ਦਾਸ ਤੇ ਫਿਰ ਜਲਾਦ ਆ ਕੇ, ਐਨ੍ਹਾ ਜ਼ੁਲਮ ਸੀ ਉਹ ਕਮਾਉਣ ਲੱਗੇ।
ਲਾਹ ਕੱਪੜੇ ਨੂੜਿਆ ਨਾਲ ਥੰਮ੍ਹੀ, ਚੀਰ ਆਰੇ ਦਾ ਉਸ ਨੂੰ ਲਾਉਣ ਲੱਗੇ।
ਤਨ ਚੀਰ ਕੇ ਕਰ ਦੁਫਾੜ ਕੀਤਾ, ਮਾਸ-ਖ਼ੂਨ ਨੂੰ ਧਰਤ ਵਹਾਉਣ ਲੱਗੇ।
ਹਰਚੰਦ ਸਿੰਘਾ ਹਾਏ ਨਾ ਉਸ ਆਖੀ, ਦੰਦੇ ਆਰੇ ਦੇ ਕੀਰਨੇ ਪਾਉਣ ਲੱਗੇ॥
17 ਸਤੀ ਦਾਸ ਦੀ ਆਈ ਫਿਰ ਵਾਰੀ, ਰੂੰ ਬੰਨ੍ਹ ਕੇ ਉਸਨੂੰ ਸਾੜਿਆ ਜੀ।
ਛੱਲੀ ਭੁੱਜਦੀ ਜਿਵੇਂ ਅੰਗਾਰਿਆਂ ਤੇ, ਤਨ ਉਸਦਾ ਭੁੰਨ ਕੇ ਪਾੜਿਆ ਜੀ।
ਗੁਰੂ ਜੀ ਨੂੰ ਉਨ੍ਹਾਂ ਡਰਾਉਣ ਲਈ, ਇੰਝ ਤੜਫਾ ਕੇ ਸਿੱਖਾਂ ਨੂੰ ਮਾਰਿਆ ਜੀ।
ਹਰਚੰਦ ਸਿੰਘਾ ਹੋਏ ਹੈਰਾਨ ਲੋਕੀ, ਜ਼ੁਲਮ ਸਿਦਕ ਦੇ ਸਾਹਮਣੇ ਹਾਰਿਆ ਜੀ॥
18 ਗੁਰੂ ਜੀ ਨੂੰ ਕਾਜ਼ੀ ਕਹਿਣ ਲੱਗੇ, ਭਲੀ ਚਾਹੁੰਨੈ ਤਾਂ ਮੁਸਲਮਾਨ ਹੋ ਜਾ।
ਮੁਸਲਮ ਜਾਤ ਜਹਾਨ ਤੇ ਹੈ ਰਹਿਣੀ, ਪੜ੍ਹ ਨਿਵਾਜ਼ ਤੇ ਨੇਕ ਇਨਸਾਨ ਹੋ ਜਾ।
ਸਾਰੇ ਹਿੰਦੂ ਲੱਗੇ ਨੇ ਮਗਰ ਤੇਰੇ, ਤੂੰ ਉਨ੍ਹਾਂ ਦਾ ਪੀਰ ਮਹਾਨ ਹੋ ਜਾ।
ਹਰਚੰਦ ਸਿੰਘਾ ਦਿਆਂਗੇ ਬਾਦਸ਼ਾਹੀ, ਕਿਸੇ ਸੂਬੇ ਦਾ ਹੁਕਮਰਾਨ ਹੋ ਜਾ॥
19 ਕਹਿੰਦੇ ਗੁਰੂ ਜੀ ਇਹ ਹੈ ਮੁਲਕ ਸਾਡਾ, ਅਸੀਂ ਮਾਲਕ ਹਿੰਦੁਸਤਾਨ ਦੇ ਆਂ।
ਤੁਸੀਂ ਵੀਰਾਂ ਨੂੰ ਮਾਰ ਕੇ ਰਾਜ ਲੈਂਦੇ, ਅਸੀਂ ਵੀਰਾਂ ਲਈ ਮਰਨਾ ਜਾਣਦੇ ਆਂ।
ਅਸੀਂ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ, ਸੱਚੇ-ਸੁੱਚੇ ਭਗਤ ਭਗਵਾਨ ਦੇ ਆਂ।
ਸਾਨੂੰ ਮੌਤ ਦਾ ਡਰ ਨਾ ਦੇਹ ਮੀਆਂ, ਅਸੀਂ ਵਾਰਿਸ ਦੇਸ ਮਹਾਨ ਦੇ ਆਂ॥
20 ਕਾਫੀ ਦੇਰ ਸੀ ਉਥੇ ਤਕਰਾਰ ਹੋਏ, ਫਿਰ ਕਾਜ਼ੀਆਂ ਫਤਵਾ ਲਾ ਦਿੱਤਾ।
ਸਤਿਗੁਰ ਸ਼ਾਂਤ ਸਮਾਧੀ ਲਾ ਬੈਠੇ, ਡਰ-ਭੈ ਸੀ ਸਭ ਭੁਲਾਅ ਦਿੱਤਾ।
ਸਜਾਇ-ਮੌਤ ਹੈ ਹਿੱਸੇ ਕਾਫ਼ਰਾਂ ਦੇ, ਉਨ੍ਹਾਂ ਜਲਾਦ ਨੂੰ ਹੁਕਮ ਸੁਣਾ ਦਿੱਤਾ।
ਹਰਚੰਦ ਸਿੰਘਾ ਕਾਲੇ-ਕਲੋਟ ਬੰਦੇ, ਸੀਸ ਗੁਰਾਂ ਦਾ ਧੜ ਤੋਂ ਲਾਹ ਦਿੱਤਾ॥
21 ਸਿੱਖ ਬੜੇ ਸੀ ਵੇਖਦੇ ਜ਼ੁਲਮ ਉੱਥੇ, ਪਰ ਕਿਸੇ ਨੇ ਕੁੱਝ ਵੀ ਬੋਲਿਆ ਨਾ।
ਭੈਅ ਮੌਤ ਦਾ ਸਭ ਦੇ ਸਿਰ ਛਾਇਆ, ਮੂੰਹ ਕਿਸੇ ਨੇ ਉੱਥੇ ਖੋਲ੍ਹਿਆ ਨਾ।
ਮੁਸਲਮਾਨੀ ਉਨ੍ਹਾਂ ਲਿਬਾਸ ਪਾਏ, ਖ਼ੂਨ ਕਿਸੇ ਦਾ ਦੇਖਕੇ ਖੌਲਿਆ ਨਾ।
ਹਰਚੰਦ ਸਿੰਘਾ ਗੁਰਾਂ ਨੇ ਮਿਹਰ ਕੀਤੀ, ਦਿਲ ਦਾਸ ਦਾ ਜ਼ਰਾ ਵੀ ਡੋਲਿਆ ਨਾ॥
22 ਭਾਈ ਜੈਤੇ ਦੀ ਦੇਖ ਬਹਾਦਰੀ ਨੂੰ, ਗੋਬਿੰਦ ਰਾਇ (ਸਿੰਘ) ਨੇ ਘੁੱਟ ਪਿਆਰ ਕੀਤਾ।
ਨੀਵੇਂ ਸਖਸ਼ ਨੇ ਉੱਚਾ ਕੰਮ ਕਰਕੇ, ਦੇਸ-ਕੌਮ ਤੇ ਪਰ-ਉਪਕਾਰ ਕੀਤਾ।
ਪੈਰ ਫਿਸ ਗਏ ਰਾਹ ਦੇ ਵਿੱਚ ਭਾਵੇਂ, ਪਰ ਪਿਤਾ ਦਾ ਕਿੰਨਾ ਸਤਿਕਾਰ ਕੀਤਾ।
ਹਰਚੰਦ ਸਿੰਘਾ ਮੰਗੀ ਨਾ ਤਲਬ ਕੋਈ, ਪੰਧ ਪੈਰੀਂ ਬੇ-ਸ਼ੁਮਾਰ ਕੀਤਾ॥
23 ਤਨ ਮੈਲੇ ਪਾਟੇ ਕੱਪੜੇ ਨੇ, ਭਾਈ ਜੈਤਾ ਜੀ ਮੰਦੜੇ ਹਾਲ ਆਇਆ।
ਮਾਸ ਵਿਚਦੀ ਹੱਡੀਆਂ ਝਾਕ ਰਹੀਆਂ, ਚਰਬੀ ਆਪਣੀ ਸਾਰੀ ਉਹ ਜਾਲ ਆਇਆ।
ਹੱਥ ਜੋੜ ਕੇ ਜੋਦੜੀ ਕਰਨ ਲੱਗਾ, ਘਰ ਗੁਰੂ ਦੇ 'ਮੈਂ' ਕੰਗਾਲ ਆਇਆ।
ਭੇਂਟ ਕਰਨ ਨੂੰ ਪੱਲੇ ਨਾ ਕੁੱਝ ਮੇਰੇ, ਹਰਚੰਦ ਸਿੰਘਾ ਘਰ ਮੈਂ ਭਾਲ ਆਇਆ॥

## ਮਾਤਾ ਗੁਜਰੀ ਜੀ

24 ਸਿਦਕ ਸ਼ਰਧਾ ਵੇਖ ਗਰੀਬੜੇ ਦੀ, ਸਾਰੇ ਲੋਕ ਸੀ ਹੋਣ ਕੁਰਬਾਨ ਲੱਗੇ।
ਮਾਤਾ ਗੁਜਰੀ ਅਤੇ ਗੋਬਿੰਦ ਰਾਇ, ਸਦਕੇ ਉਸਤੋਂ ਬਹੁਤ ਹੀ ਜਾਣ ਲੱਗੇ।
ਉੱਠ ਮਾਤਾ ਨੇ ਦਿੱਤਾ ਪਿਆਰ ਜਾ ਕੇ, ਕੀਤੇ ਸਿਦਕ ਦਾ ਮੁੱਲ ਸੀ ਪਾਣ ਲੱਗੇ।
ਰੰਗਰੇਟਾ ਗੁਰੂ ਦਾ ਤੂੰ ਬੇਟਾ, ਹਰਚੰਦ ਸਿੰਘਾ ਮੋਹ ਵਿਖਾਣ ਲੱਗੇ॥
25 ਛੋਟਾ ਦਿਲ ਨਾ ਕਰ ਦਲੇਰ ਪੁੱਤਾ, ਸਤਿਗੁਰ ਜਾਣਦੇ ਸੱਚਾ ਪਿਆਰ ਤੇਰਾ।
ਤੂੰ ਤੇ ਦੌਲਤਾਂ ਜੱਗ ਦੀਆਂ ਲੈ ਆਇਆ, ਨਹੀਂ ਭੁੱਲਣਾ ਇਹ ਉਪਕਾਰ ਤੇਰਾ।
ਉੱਠ ਕਰ ਇਸ਼ਨਾਨ ਤੇ ਬਦਲ ਲੀੜੇ, ਤੂੰ ਸਾਡਾ ਅਸੀਂ ਪਰਿਵਾਰ ਤੇਰਾ।
ਹਰਚੰਦ ਸਿੰਘ ਲਿਖੂਗਾ ਜਸ ਬਹਿਕੇ, ਰਿਣੀ ਰਹੂਗਾ ਸਭ ਸੰਸਾਰ ਤੇਰਾ॥
26 ਸੁਣ-ਦੇਖਕੇ ਇਹ ਅਣਹੋਣੀਆਂ ਨੂੰ, ਬਾਲ ਗੁਰੂ ਨੂੰ ਸੋਚੀਂ ਪਾ ਦਿੱਤਾ।
ਜ਼ਿੰਮੇਵਾਰੀ ਗੁਰਗੱਦੀ ਦੀ ਆਣ ਪਈ, ਬਚਪਨਾ ਸੀ ਛੇਤੀ ਮੁਕਾਅ ਦਿੱਤਾ।
ਪਹਿਲਾਂ ਸਮੇਂ ਤੋਂ ਸੋਝੀ ਆਉਣ ਲੱਗੀ, ਸੋਚਵਾਨ ਸੀ ਉਸ ਬਣਾ ਦਿੱਤਾ।
ਹਰਚੰਦ ਸਿੰਘਾ ਸਮੇਂ ਦੀ ਲੋੜ ਕੀ ਏ, ਸਮੇਂ ਆਪ ਹੀ ਸਭ ਸਮਝਾ ਦਿੱਤਾ॥
27 ਗੁਰਾਂ ਵੇਖਿਆ ਦੇਸ਼ ਦੇ ਵਾਰਿਸਾਂ ਦਾ, ਜਾਬਰ-ਜ਼ਾਲਮਾਂ ਮੰਦੜਾ ਹਾਲ ਕੀਤਾ।
ਕੋਈ ਦਾਦ-ਫਰਿਆਦ ਨਾ ਸੁਣਨ ਵਾਲਾ, ਹੱਕ ਖੋਹ ਕੇ ਜੀਣਾ ਬੇਹਾਲ ਕੀਤਾ।
ਇੱਜ਼ਤ ਆਬਰੂ ਰੋਲਦੇ ਨਾਲ ਜ਼ੋਰੀਂ, ਜੋ ਬੋਲਿਆ ਫੜ ਹਲਾਲ ਕੀਤਾ।
ਹਰਚੰਦ ਸਿੰਘਾ ਚੋਜੀ ਪਾਤਿਸ਼ਾਹ ਨੇ, ਸ਼ੁਰੂ ਟਾਕਰਾ ਜ਼ੁਲਮ ਦੇ ਨਾਲ ਕੀਤਾ॥
28 ਚੱਕ ਧਰਤ ਤੋਂ ਹਿੱਕ ਦੇ ਨਾਲ ਲਾਇਆ, ਦੱਬੇ, ਕੁਚਲੇ, ਬੇ-ਸਹਾਰਿਆਂ ਨੂੰ।
ਆਪਣਾ ਰੂਪ ਆਪਣਾ ਬਲ ਦੇ ਕੇ, ਅੰਗ ਲਾਇਆ ਗੁਰੂ-ਪਿਆਰਿਆਂ ਨੂੰ।
ਮੁੜ ਅੰਬਰੀਂ ਟਹਿਕਣ ਲਾ ਦਿੱਤਾ, ਨੂਰ ਪਾ ਕੇ ਟੁੱਟੇ ਤਾਰਿਆਂ ਨੂੰ।
ਹਰਚੰਦ ਸਿੰਘਾ ਰੁੱਖ ਪਹਾੜ ਨਦੀਆਂ, ਕਰਨ ਸਜਦੇ ਲੋਕ ਨਿਆਰਿਆਂ ਨੂੰ॥
29 ਈਰਾਨ ਤੋਂ ਬਰਮਾ ਤੀਕ ਫੈਲਾ, ਤੁਰਕ ਰਾਜ ਦਾ ਜ਼ੁਲਮੀ ਜਾਲ ਹੈ ਸੀ।
ਮਾਰ ਖਾਂਦਿਆਂ ਸਦੀਆਂ ਬੀਤ ਗਈਆਂ, ਹਿੰਦੀ ਹੋਏ ਪਏ ਨਢਾਲ ਹੈ ਸੀ।
ਕੁੱਲੀ-ਗੁੱਲੀ, ਜੁੱਲੀ ਨਾ ਚੈਨ, ਸੁੱਖ, ਲੋਕੀ ਬਿਲਕਦੇ ਮੰਦੜੇ ਹਾਲ ਹੈ ਸੀ।
ਹਰਚੰਦ ਸਿੰਘਾ ਔਖਾ ਸੀ ਹੱਲ ਕਰਨਾ, ਸਤਿਗੁਰ ਸਾਹਮਣੇ ਜੋ ਸਵਾਲ ਹੈ ਸੀ॥
30 ਬਿਨਾਂ ਸ਼ਕਤੀ ਕਿਸੇ ਨਾ ਕੰਮ ਭਗਤੀ, ਜਾਣੀ ਜਾਣ ਦਸਮੇਸ਼ ਇਹ ਜਾਣਦੇ ਨੇ।
ਬਾਹੂਬਲ, ਇਰਾਦਾ ਤੇ ਸਿਦਕ-ਸੇਵਾ, ਗੁਣ ਇਹੋ ਉੱਚ ਇਨਸਾਨ ਦੇ ਨੇ।
ਇਕ ਫਲੂਹੇ ਤੇ ਬਲਦੀਆਂ ਹੈਨ ਲਾਟਾਂ, ਜਾ ਚੜ੍ਹਦੀਆਂ ਵਿੱਚ ਅਸਮਾਨ ਦੇ ਨੇ।
ਹਰਚੰਦ ਸਿੰਘਾ ਸਮਾਂ ਸੰਭਾਲ ਦੇ ਜੋ, ਉਹੀ ਬਣਦੇ ਸਮੇਂ ਦੇ ਹਾਣ ਦੇ ਨੇ॥

## ਕਵੀਓ ਵਾਚ

31 ਦੁਸ਼ਮਣ ਸਿੱਖੀ ਦੇ ਬੈਠੇ ਥਾਂ ਥਾਂ ਤੇ, ਬੜੇ ਜ਼ਾਲਮ ਤੇ ਬੇ-ਲਿਹਾਜ਼ ਹੈ ਸੀ।
ਹਰ ਰੁੱਖ ਦੀ ਹਰ ਟਾਹਣੀ ਉੱਤੇ, ਬੈਠੇ ਸ਼ਿਕਰੇ ਬਿਫਰੇ ਬਾਜ ਹੈ ਸੀ।
ਪਲ ਪਲ ਦੀ ਰੱਖਦੇ ਖਬਰ ਸਾਰੀ, ਜ਼ੁਲਮ ਕਰਨਾ ਇੱਕ ਰਿਵਾਜ਼ ਹੈ ਸੀ।
ਹਰਚੰਦ ਸਿੰਘਾ ਖ਼ੂਨ ਨਾਲ ਹੱਥ ਧੋ ਕੇ, ਫਿਰ ਪੜ੍ਹਦੇ ਉਹੋ ਨਮਾਜ਼ ਹੈ ਸੀ॥

## ਭੀਮ ਚੰਦ ਦੀ ਖੋਹ ਵਾਜੀ

32 ਦੇਖ ਸ਼ਕਤੀ-ਭਗਤੀ ਗੁਰੂ ਜੀ ਦੀ, ਸਹਿਮ ਭੀਮ ਦੇ ਦਿਲ ਤੇ ਛਾਇਆ ਏ।
ਜਾ ਜਾ ਕੇ ਰਾਜੇ ਕਹਿਲੂਰ ਦੇ ਨੇ, ਪਹਾੜੀ ਰਾਜਿਆਂ ਤਾਈਂ ਉਕਸਾਇਆ ਏ।
ਰਾਜ ਭਾਗ ਨਹੀਂ ਰਹਿਣੇ ਹੁਣ ਸਾਡੇ, ਅੰਤ ਸਮਝੋ ਆਪਣਾ ਆਇਆ ਏ।
ਹਰਚੰਦ ਸਿੰਘਾ ਪਹਾੜੀ ਰਾਜਿਆਂ ਨੇ, ਆਢਾ ਨਾਲ ਗੁਰਾਂ ਦੇ ਲਾਇਆ ਏ॥

*(ਬਾਕੀ ਅਗਲੇ ਅੰਕ ਵਿਚ)*


NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor



48 YEARS OF EXCELLENCE 1973 THE LINK GROUP 2021
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)



PUNJAB LINK SALES TEAM

Rakesh Puri 604-377-4085 | Lalit (Nitu) 604-339-1599 | Amarjit Singh 778-908-0523 | Arya Bhalla 778-788-2429 | Hardam S. Maan 604-308-6663 | Shashi Madan 604-367-5611 | Shirin Mitha 604-614-9165




ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਖੇਮਕਰਨ ਹਲਕੇ ਤੋਂ ਵੀ ਅਗਲੀ ਚੋਣ ਕੈਰੋਂ ਪਰਿਵਾਰ ਦਾ ਜੀਅ ਲੜੇਗਾ-ਆਦੇਸ਼ ਪ੍ਰਤਾਪ ਸਿੰਘ ਕੈਰੋਂ

ਤਰਨ ਤਾਰਨ-ਸਾਲ 2022 ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਜਿੱਤਣ ਲਈ ਜਿੱਥੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਸਰਕਾਰ ਦੇ ਖਿਲਾਫ ਰੈਲੀਆਂ ਦਾ ਪ੍ਰੋਗਰਾਮ ਉਲੀਕੀ ਬੈਠੇ ਹਨ, ਉਥੇ ਪੰਜਾਬ ਦੀ ਸਿਆਸਤ ਵਿੱਚ ਵੱਡੀ ਪੈਠ ਬਣਾਉਣ ਵਾਲੇ ਕੈਰੋਂ ਪਰਵਾਰ ਦੇ ਫਰਜ਼ੰਦ ਅਤੇ ਸਿਆਸੀ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਜੱਦੀ ਵਿਧਾਨ ਸਭਾ ਹਲਕੇ ਦੇ ਨਾਲ ਪੈਂਦੇ ਖੇਮਕਰਨ ਵਿਧਾਨ ਸਭਾ ਹਲਕੇ ਤੋਂ ਸਿਆਸੀ ਸਰਗਰਮੀਆਂ ਆਰੰਭ ਕਰ ਕੇ ਐਲਾਨ ਕੀਤਾ ਹੈ ਕਿ ਹਲਕੇ ਦੇ ਲੋਕਾਂ ਦੇ ਕਹਿਣ ਉੱਤੇ ਕੈਰੋਂ ਪਰਵਾਰ ਦਾ ਇੱਕ ਮੈਂਬਰ ਖੇਮਕਰਨ ਵਿੱਚੋਂ ਵੀ ਅਗਲੀਆਂ ਵਿਧਾਨ ਸਭਾ ਚੋਣਾਂ ਲੜੇਗਾ। ਵਰਨਣ ਯੋਗ ਹੈ ਕਿ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪ੍ਰੋ. ਵਿਰਸਾ ਸਿੰਘ ਵਲਟੋਹਾ ਵਿਚਾਲੇ ਪਹਿਲਾਂ ਹੀ ਝਗੜਾ ਚੱਲਦਾ ਹੈ। ਦੋਵਾਂ ਵਿਚਾਲੇ ਸੁਲਗਦੀ ਚੰਗਿਆੜੀ ਬਣ ਕੇ ਸਾਹਮਣੇ ਆ ਗਈ ਹੈ। ਖੇਮਕਰਨ ਹਲਕੇ ਵਿੱਚ ਕੈਰੋਂ ਨੇ ਮੀਟਿੰਗਾਂ ਕਰ ਕੇ ਇਸ ਹਲਕੇ ਦੀ ਸੇਵਾ ਕਰਨ ਦਾ ਐਲਾਨ ਕਰ ਦਿੱਤਾ ਹੈ। ਪ੍ਰੋਫੈਸਰ ਵਲਟੋਹਾ ਨੇ ਵੀ ਆਪਣੇ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਉੱਤੇ ਹੀ ਚੋਣ ਲੜਨ ਬਾਰੇ ਠੋਕ ਕੇ ਕਹਿ ਦਿੱਤਾ ਹੈ।



ਆਦੇਸ਼ ਪ੍ਰਤਾਪ ਸਿੰਗ ਕੈਰੋਂ ਨੇ ਇਸ ਬਾਰੇ ਪਹਿਲਾਂ ਤੋਂ ਤੈਅ ਕੀਤੇ ਪ੍ਰੋਗਰਾਮਾਂ ਹੇਠ ਵਿਧਾਨ ਸਭਾ ਹਲਕਾ ਖੇਮਕਰਨ ਦੇ ਕਈ ਪਿੰਡਾਂ ਵਿੱਚ ਅਕਾਲੀ ਆਗੂਆਂ ਵੱਲੋਂ ਰੱਖੀਆਂ ਮੀਟਿੰਗਾਂ ਨੂੰ ਸੰਬੋਧਨ ਕੀਤਾ ਹੈ, ਜਿਸ ਨਾਲ ਪੰਜਾਬ ਦੀ ਸਿਆਸਤ ਵਿਚ ਹਲਚਲ ਮੱਚ ਗਈ ਹੈ। ਪਤਾ ਲੱਗਾ ਹੈ ਕਿ ਪਿਛਲੇ ਇੱਕ ਮਹੀਨੇ ਤੋਂ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਸਿਆਸੀ ਸਲਾਹਕਾਰ ਗੁਰਮੁਖ ਸਿੰਘ ਘੁੱਲਾ ਬਲੇਰ ਵਿਧਾਨ ਸਭਾ ਹਲਕਾ ਖੇਮਕਰਨ ਦੇ ਅਕਾਲੀ ਆਗੂਆਂ ਨਾਲ ਸੰਪਰਕ ਕਰ ਰਹੇ ਹਨ ਤੇ ਇਸ ਹਲਕੇ ਦੇ ਕਈ ਅਕਾਲੀ ਸਰਪੰਚ, ਸਾਬਕਾ ਸਰਪੰਚ ਤੇ ਹੋਰ ਆਗੂ ਚੰਡੀਗੜ੍ਹ ਵਿਖੇ ਆਦੇਸ਼ ਪ੍ਰਤਾਪ ਸਿੰਘਕੈਰੋਂ ਨਾਲ ਮੀਟਿੰਗਾਂ ਕਰ ਚੁੱਕੇ ਹਨ। ਸਭ ਕੁਝ ਵੇਖਣ ਪਿੱਛੋਂ ਕੱਲ੍ਹ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਹਲਕਾ ਖੇਮਕਰਨ ਦੇ ਪਿੰਡਾਂ ਰਾਮਪੁਰ, ਮਰਗਿੰਦਪੁਰਾ, ਪੂੰਨੀਆਂ, ਖਾਰਾ ਰਾਮ ਸਿੰਘ, ਅਮਰਕੋਟ, ਆਸਲ-ਉਤਾੜ ਆਦਿ ਵਿੱਚ ਜਾ ਕੇ ਤੈਅ ਪ੍ਰੋਗਰਾਮ ਅਨੁਸਾਰ ਮੀਟਿੰਗਾਂ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਹਲਕੇ ਦੇ ਬਹੁਤ ਸਾਰੇ ਸਰਪੰਚਾਂ, ਸਾਬਕਾ ਸਰਪੰਚਾਂ ਅਤੇ ਹੋਰ ਆਗੂਆਂ ਨੇ ਉਨ੍ਹਾਂ ਨੂੰ ਮਜਬੂਰ ਕੀਤਾ ਹੈ ਕਿ ਇਥੋਂ ਸੇਵਾ ਕਰਨ। ਇਨ੍ਹਾਂ ਮੀਟਿੰਗਾਂ ਵਿੱਚ ਕੈਰੋਂ ਨੇ ਅਕਾਲੀ ਸਰਕਾਰ ਵੇਲੇ ਦੀਆਂ ਆਪਣੀਆਂ ਪ੍ਰਾਪਤੀਆਂ ਵੀ ਗਿਆਣੀਆਂ। ਕੈਰੋਂ ਦੇ ਅਨੁਸਾਰ ਇਸ ਹਲਕੇ ਨਾਲ ਉਨ੍ਹਾਂ ਦਾ ਪੁਰਾਣਾ ਰਿਸ਼ਤਾ ਹੈ ਤੇ ਪਿਛਲੇ ਸਮੇਂ ਵਿੱਚ ਹੋਈ ਹਲਕਾਬੰਦੀ ਵੇਲੇ ਉਨ੍ਹਾਂ ਦੇ ਹਲਕੇ ਪੱਟੀ ਦੇ ਕਈ ਪਿੰਡ ਇਸ ਪਾਸੇ ਜੁੜ ਗਏ ਹਨ, ਪਰ ਇਥੋਂ ਦੇ ਲੋਕਾਂ ਨਾਲ ਉਨ੍ਹਾਂ ਦਾ ਪਿਆਰ ਅਜੇ ਵੀ ਕਾਇਮ ਹੈ। ਉਨ੍ਹਾਂ ਕਿਹਾ ਕਿ ਖੇਮਕਰਨ ਹਲਕੇ ਦੇ ਲੋਕਾਂ ਵੱਲੋਂ ਹਲਕੇ ਦੀ ਸੇਵਾ ਕਰਨ ਲਈ ਵਾਰ-ਵਾਰ ਕਹਿਣ ਉੱਤੇ ਉਨ੍ਹਾਂ ਨੇ ਆਪਣੇ ਪਰਵਾਰ ਵਿੱਚ ਵਿਚਾਰ ਕੇ ਇਹ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਪਿਤਾ ਸੁਰਿੰਦਰ ਸਿੰਘ ਕੈਰੋਂ ਨਾਲ 20 ਸਾਲ ਪੀ ਏ ਬਣ ਕੇ ਸੇਵਾ ਕੀਤੀ ਤੇ ਲੋਕਾਂ ਦੀਆਂ ਮੁਸ਼ਕਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਜਿਸ ਕਰ ਕੇ ਵੱਧ ਚੰਗੀ ਤਰ੍ਹਾਂ ਸੇਵਾ ਕਰ ਸਕਦੇ ਹਨ।



ਇਸ ਤਰ੍ਹਾਂ ਦੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਐਲਾਨ ਤੋਂ ਬਾਅਦ ਪੰਜਾਬ, ਖਾਸ ਕਰ ਕੇ ਮਾਝੇ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ, ਕਿਉਂਕਿ ਕੈਰੋਂ ਧੜੇ ਨਾਲ ਸਬੰਧਤ ਕਈ ਹੋਰ ਆਗੂ ਵੀ ਹੋਰ ਵਿਧਾਨ ਸਭਾ ਹਲਕਿਆਂ ਤੋਂ ਚੋਣਾਂ ਲੜਨ ਦੇ ਦਾਅਵੇ ਜਤਾ ਰਹੇ ਹਨ, ਜਿਨ੍ਹਾਂ ਵਿੱਚ ਤਰਨ ਤਾਰਨ, ਖਡੂਰ ਸਾਹਿਬ, ਜੰਡਿਆਲਾ ਗੁਰੂ ਪ੍ਰਮੁੱਖ ਹਨ। ਜੇ ਸ਼੍ਰੋਮਣੀ ਅਕਾਲੀ ਦਲ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੱਲੋਂ ਐਲਾਨ ਤੋਂ ਬਾਅਦ ਉਨ੍ਹਾਂ ਨੂੰ ਖੇਮਕਰਨ ਹਲਕੇ ਤੋਂ ਟਿਕਟ ਨਹੀਂ ਦਿੰਦਾ ਤਾਂ ਕੈਰੋਂ ਦੀ ਅਗਲੀ ਰਣਨੀਤੀ ਨਾਲ ਅਕਾਲੀ ਸਿਆਸਤ ਉੱਤੇ ਵੱਡਾ ਅਸਰ ਪਵੇਗਾ, ਕਿਉਂਕਿ ਪਹਿਲਾਂ ਹੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਪਰਮਿੰਦਰ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ ਆਦਿ ਅਕਾਲੀ ਦਲ ਤੋਂ ਬਾਹਰ ਹੋ ਕੇ ਪਾਰਟੀ ਲਈ ਸਿਰਦਰਦੀ ਬਣੇ ਹੋਏ ਹਨ। ਕੈਰੋਂ ਨੇ ਪਹਿਲਾਂ ਹੀ ਪੱਟੀ ਵਿਖੇ ਨਗਰ ਕੌਂਸਲ ਦੀਆਂ ਚੋਣਾਂ ਮੌਕੇ ਸ਼ਹਿਰ ਤੋਂ ਦੂਰੀ ਬਣਾਈ ਰੱਖੀ ਸੀ ਅਤੇ ਫਿਰ ਆਪਣੇ ਹਲਕੇ ਪੱਟੀ ਵਿੱਚ ਜਾਣ ਦੀ ਥਾਂ ਸਿੱਧਾ ਖੇਮਕਰਨ ਹਲਕੇ ਦੇ ਪਿੰਡਾਂ ਵਿੱਚ ਮੀਟਿੰਗਾਂ ਲਈ ਪਹੁੰਚ ਗਏ। ਉਨ੍ਹਾਂ ਦੇ ਇਸ ਫੈਸਲੇ ਪਿੱਛੋਂ ਵੱਖ-ਵੱਖ ਪਾਰਟੀਆਂ ਦੀਆਂ ਨਜ਼ਰਾਂ 15 ਮਾਰਚ ਨੂੰ ਭਿੱਖੀਵਿੰਡ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਹੋਣ ਵਾਲੀ ਰੈਲੀ ਉੱਤੇ ਹਨ, ਜਿੱਥੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਦੀ ਅਗਵਾਈ ਵਿੱਚ ਹੋਣ ਵਾਲੀ ਰੈਲੀ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਸਾਬਕਾ ਮੰਤਰੀ ਪਹੁੰਚ ਰਹੇ ਹਨ।

## ਅਕਾਲੀ ਦਲ ਦੀ ਸੀਟ ਕਿਸੇ ਨੂੰ ਦਾਜ 'ਚ ਨਹੀਂ ਮਿਲੀ, ਖੇਮਕਰਨ ਤੋਂ ਮੈਂ ਹੀ ਚੋਣ ਲੜਾਂਗਾ-ਵਲਟੋਹਾ

ਤਰਨ ਤਾਰਨ-ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਪਾਰਟੀ ਹੈ, ਇਹ ਕਿਸੇ ਨੂੰ ਦਾਜ ਵਿੱਚ ਨਹੀਂ ਮਿਲੀ। ਵਿਧਾਨ ਸਭਾ ਚੋਣਾਂ ਵਿੱਚ ਟਿਕਟਾਂ ਦਾ ਫੈਸਲਾ ਪਾਰਟੀ ਪ੍ਰਧਾਨ ਨੇ ਕਰਨਾ ਹੈ। ਮੈਂ 2007 ਤੋਂ ਇਸ ਹਲਕੇ ਤੋਂ ਚੋਣਾਂ ਲੜਦਾ ਰਿਹਾ ਹਾਂ ਤੇ 2022 ਦੀਆਂ ਸਭਾ ਚੋਣਾਂ ਮੈਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਲੜਾਂਗਾ। ਪ੍ਰੋਫੈਸਰ ਵਲਟੋਹਾ ਨੇ ਕਿਹਾ ਕਿ ਕਿਸੇ ਵੱਲੋਂ ਚੋਣ ਲੜਨ ਉੱਤੇ ਕੋਈ ਪਾਬੰਦੀ ਨਹੀਂ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਖੇਮਕਰਨ ਹਲਕੇ ਤੋਂ ਜਿਸ ਨੂੰ ਮਰਜ਼ੀ ਜਿਸ ਪਾਰਟੀ ਦੀ ਟਿਕਟ 'ਤੇ ਚੋਣ ਲੜਾ ਸਕਦੇ ਹਨ। ਉਨ੍ਹਾਂ ਕਿਹਾ ਕਿ 15 ਮਾਰਚ ਨੂੰ ਭਿੱਖੀਵਿੰਡ ਵਿਖੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਰੈਲੀ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਉਣਗੇ ਅਤੇ ਖੇਮਕਰਨ ਹਲਕੇ ਤੋਂ ਮੇਰੇਉਮੀਦਵਾਰ ਹੋਣ ਦਾ ਐਲਾਨ ਕਰਨਗੇ ਤੇ ਇਹ ਐਲਾਨ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪਹਿਲੇ ਉਮੀਦਵਾਰ ਦਾ ਐਲਾਨ ਹੋਵੇਗਾ। ਉਨ੍ਹਾਂ ਕਿਹਾ ਕਿ ਪਾਰਟੀਆਂ ਵਫਾਦਾਰੀ ਨਾਲ ਚੱਲਦੀਆਂ ਹਨ ਤੇ ਮਿਹਨਤ ਕਰਨ ਦੇ ਨਾਲ ਪਾਰਟੀ ਵਰਕਰਾਂ ਨਾਲ ਖੜ੍ਹੋਣਾ ਪੈਂਦਾ ਹੈ, ਜੋ ਪਾਰਟੀ ਤਅੇ ਬਾਦਲ ਪਰਵਾਰ ਨਾਲ ਵਫਾਦਾਰ ਨਹੀਂ, ਉਨ੍ਹਾਂ ਨੂੰ ਅਕਾਲੀ ਦਲ ਦੀ ਟਿਕਟ ਮੰਗਣ ਦਾ ਕੋਈ ਅਧਿਕਾਰ ਨਹੀਂ ਰਹਿ ਜਾਂਦਾ। ਉਨ੍ਹਾਂ ਕਿਹਾ ਕਿ ਮੈਂ ਪਿਛਲੇ ਵੀਹ ਸਾਲ ਤੋਂ ਇਸ ਤਰ੍ਹਾਂ ਦੀਆਂ ਹਰਕਤਾਂ ਦਾ ਸਾਹਮਣਾ ਕਰਦਾ ਰਿਹਾ ਹਾਂ ਅਤੇ ਹਰ ਵਾਰ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਇਸ ਤਰ੍ਹਾਂ ਦੇ ਗਰਮ ਮਿਜਾਜ ਵਿੱਚਪ੍ਰੋਫੈਸਰ ਵਲਟੋਹਾ ਦੇ ਦਿੱਤੀ ਪ੍ਰਤੀਕਿਰਿਆ ਸਾਫ ਕਰਦੀ ਹੈ ਕਿ ਖੇਮਕਰਨ ਹਲਕੇ ਦੀ ਪ੍ਰੋਫੈਸਰ ਵਲਟੋਹਾ ਦੀ ਟਿਕਟ ਕੱਟਣੀ ਏਨੀ ਸੁਖਾਲੀ ਨਹੀਂ, ਪਰ ਦੂਸਰੇ ਪਾਸੇ ਸਿਆਸਤ ਵਿੱਚ ਮਾਹਰ ਆਦੇਸ਼ਪ੍ਰਤਾਪ ਸਿੰਘ ਕੈਰੋਂ ਵੱਲੋਂ ਸੋਚ-ਸਮਝ ਕੇ ਖੇਮਕਰਨ ਹਲਕੇ ਤੋਂ ਆਪਣੇ ਪਰਵਾਰ ਦੇ ਕਿਸੇ ਇੱਕ ਮੈਂਬਰ ਦੇ ਚੋਣ ਲੜਨ ਦੇ ਐਲਾਨ ਨਾਲ ਪੰਜਾਬ ਦੀ ਸਿਆਸਤ ਵਿੱਚ ਵੱਡਾ ਸਿਆਸੀ ਭੂਚਾਲ ਲਿਆ ਸਕਦੇ ਹਨ।


AMA CONCRETE
Commercial & Residential

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜ਼ਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ


ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472



"ਆਪਣੇ ਭਾਈਚਾਰੇ ਦਾ ਮਾਣ"

NOW OPEN 2ND LOCATION IN ABBOTSFORD
UNIT #4, 2599 CEDAR PARK, PLACE
ABOVE MONA CLOTH HOUSE
PH: 604.615.8731




I.C.B.C. Claims
- No Win No Fee

Criminal Law
- Homicide and Attempted Homicide
- Extradition Matters
- Drug Offences
- Assaults
- Sexual Assaults
- Drinking and Driving Offences
- Theft and Robbery
- Offences relating to Prostitution

Divorce Cases

Immigration Law
- Immigration Appeals
- Overseas sponsorships of spouses, dependant children and parents
- Inland sponsorships of spouses, dependant children and parents
- Provincial Nominee Programs (PNP)
- Skilled Worker category
- Self-Employed
- Investor and Entrepreneur Immigration
- Work-Permits

Real Estate
- Commercial and Real Estate
- Purchase and Sale of Property
- Financing and Refinancing
- Mortgages First and Subsequent

- ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
- ਕ੍ਰਿਮਨਲ ਲਾਅ • ਡਾਈਵੋਰਸ ਕੇਸ
- ਇਮੀਗ੍ਰੇਸ਼ਨ ਲਾਅ • ਰੀਅਲ ਐਸਟੇਟ

FREE Consultation
604.543.3886
Moved to New Location
13025 - 80TH AVE., SURREY

SINGH THIND & ASSOCIATES
BARRISTERS & SOLICITORS

# ਹਰਸਿਮਰਤ ਬਾਦਲ ਨੇ ਕਿਸਾਨਾਂ ਤੋਂ ਜ਼ਮੀਨੀ ਰਿਕਾਰਡ ਮੰਗਣ ਦਾ ਮਾਮਲਾ ਸੰਸਦ 'ਚ ਚੁੱਕਿਆ

## ਕੇਵਲ ਪੰਜਾਬ ਨੂੰ ਹੀ ਸਰਕਾਰ ਦੀ ਨੀਤੀ ਉਪਰ ਇਤਰਾਜ ਕਿਉਂ-ਕੇਂਦਰੀ ਮੰਤਰੀ ਨੇ ਪੁੱਛਿਆ

ਨਵੀਂ ਦਿੱਲੀ-ਖਪਤਕਾਰ ਮਾਮਲਿਆਂ ਬਾਰੇ ਮੰਤਰੀ ਪਿਊਸ਼ ਗੋਇਲ ਨੇ ਲੋਕ ਸਭਾ ਵਿੱਚ ਕਿਸਾਨਾਂ ਤੋਂ ਜ਼ਮੀਨੀ ਰਿਕਾਰਡ ਮੰਗਣ ਬਾਰੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਜਤਾਏ ਉਜਰ ਦਾ ਜਵਾਬ ਦਿੰਦਿਆਂ ਕਿਹਾ ਕਿ ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਦੇਸ਼ ਵਿੱਚ ਅਨਾਜ ਦੀ ਖਰੀਦ ਦਾ ਕੰਮ 'ਠੀਕ ਢੰਗ' ਨਾਲ ਕਰ ਰਿਹਾ ਹੈ ਤੇ ਪੰਜਾਬ ਇਕੋ-ਇਕ ਸੂਬਾ ਹੈ, ਜਿਸ ਨੂੰ ਮੋਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਲਾਭ ਦੇਣ ਲਈ ਚਲਾਏ ਖਰੀਦ ਦੇ ਇਸ 'ਪਾਰਦਰਸ਼ੀ' ਢੰਗ ਤਰੀਕੇ 'ਤੇ ਉਜਰ ਸੀ। ਦੱਸਣਾ ਬਣਦਾ ਹੈ ਕਿ ਹਰਸਿਮਰਤ ਕੌਰ ਬਾਦਲ ਨੇ ਖੇਤੀ ਕਾਨੂੰਨਾਂ ਤੇ ਐੱਫ ਸੀ ਆਈ ਵੱਲੋਂ ਕਿਸਾਨਾਂ ਤੋਂ ਫਸਲ ਦੀ ਖਰੀਦ ਮੌਕੇ ਜ਼ਮੀਨੀ ਰਿਕਾਰਡ ਮੰਗੇ ਜਾਣ ਸਬੰਧੀ ਮਾਮਲਾ ਚੁੱਕਿਆ ਸੀ। ਉਨ੍ਹਾਂ ਕੇਂਦਰ ਵੱਲੋਂ ਰਾਜਾਂ ਦੇ ਅਧਿਕਾਰ ਖੇਤਰ 'ਚ ਦਖਲ ਦੇਣ ਦਾ ਵੀ ਦੋਸ਼ ਲਗਾਇਆ। ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਵਿੱਚ 40 ਫ਼ੀਸਦੀ ਕਿਸਾਨ ਬੇਜ਼ਮੀਨੇ ਹਨ ਤੇ ਉਹ ਫਸਲ ਦੀ ਅਦਾਇਗੀ ਲਈ ਐੱਫ ਸੀ ਆਈ ਵੱਲੋਂ ਜ਼ਮੀਨੀ ਰਿਕਾਰਡ ਪੇਸ਼ ਕਰਨ ਦੀ ਸ਼ਰਤ ਮਗਰੋਂ ਕਿੱਥੇ ਜਾਣਗੇ? ਗੋਇਲ ਨੇ ਹਰਸਿਮਰਤ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ, 'ਇਥੇ ਬੈਠੀ ਮੇਰੀ ਭੈਣ (ਹਰਸਿਮਰਤ) ਕਦੇ ਇਸੇ ਮੰਤਰੀ ਮੰਡਲ ਦਾ ਹਿੱਸਾ ਸੀ।



ਪਤਾ ਨਹੀਂ ਕਿਉਂ ਉਹ ਮੋਦੀ ਸਰਕਾਰ ਦੀ 'ਪਾਰਦਰਸ਼ਤਾ' ਪ੍ਰਤੀ ਵਚਨਬੱਧਤਾ ਨੂੰ ਭੁੱਲ ਗਈ।' ਉਨ੍ਹਾਂ ਕਿਹਾ ਕਿ ਸ੍ਰੀਮਤੀ ਬਾਦਲ ਹੁਣ ਤੱਕ ਖੇਤੀ ਕਾਨੂੰਨਾਂ ਬਾਰੇ ਸਰਕਾਰ ਦੇ ਨਾਲ ਸੀ ਤੇ ਇਨ੍ਹਾਂ ਸਾਰੇ ਮੁੱਦਿਆਂ 'ਤੇ ਉਨ੍ਹਾਂ ਜ਼ੋਰ ਨਾਲ ਹਾਮੀ ਵੀ ਭਰੀ ਸੀ। ਗੋਇਲ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਐੱਫ ਸੀ ਆਈ ਦੀ ਖਰੀਦ ਵਧੀਆ ਤਰੀਕੇ ਨਾਲ ਚੱਲ ਰਹੀ ਹੈ, ਪਰ ਇਕੋ ਸੂਬਾ ਹੈ ਜੋ ਆਖਦਾ ਹੈ ਕਿ 'ਅਸੀਂ ਰਿਕਾਰਡ ਨਹੀਂ ਦੇਵਾਂਗੇ।' ਹਰਸਿਮਰਤ ਬਾਦਲ ਨੂੰ ਸੂਬਾ ਸਰਕਾਰ ਨੂੰ ਸਵਾਲ ਕਰਨਾ ਚਾਹੀਦਾ ਹੈ ਕਿ ਉਹ ਅਜਿਹਾ ਕਰਨ ਲਈ ਤਿਆਰ ਕਿਉਂ ਨਹੀਂ ਹੈ। ਗੋਇਲ ਨੇ ਕਿਹਾ, 'ਜ਼ਮੀਨੀ ਰਿਕਾਰਡ ਅਪਡੇਟ ਕਰਨਾ ਚਾਹੀਦਾ ਹੈ। ਸਰਕਾਰ ਕਰਦਾਤਿਆਂ ਦੇ ਪੈਸੇ ਨੂੰ ਬਚਾਉਣ ਲਈ ਪਾਰਦਰਸ਼ੀ ਪ੍ਰਬੰਧ ਚਾਹੁੰਦੀ ਹੈ।

# ਮਨੋਹਰ ਲਾਲ ਖੱਟਰ ਨੇ ਕਾਂਗਰਸ ਦਾ ਬੇਭਰੋਸੀ ਮਤਾ ਹਰਾ ਦਿੱਤਾ

ਚੰਡੀਗੜ੍ਹ-ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਵਿਧਾਨ ਸਭਾਵਿੱਚ ਬੇਭਰੋਸਗੀ ਮਤਾ ਦਾ ਸਾਹਮਣਾ ਕਰ ਕੇ ਕਾਂਗਰਸ ਦਾ ਹਮਲਾ ਪਛਾੜਨ ਵਿੱਚ ਕਾਮਯਾਗ ਰਹੀ ਹੈ। ਵਰਨਣ ਯੋਗ ਹੈ ਕਿ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਆਗੂ ਭੁਪਿੰਦਰ ਸਿੰਘ ਹੁਡਾ ਨੇ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਦੇ ਵਿਰੁੱਧ ਬੇਭਰੋਸਗੀ ਮਤਾ ਪੇਸ਼ ਕੀਤਾ ਸੀ। ਇਸ ਦੀ ਗਰਮਾ-ਗਰਮ ਚਰਚਾ ਦੌਰਾਨ ਕਾਗਰਸ ਤੇ ਭਾਜਪਾ ਦੇ ਆਗੂਆਂ ਦੀ ਤਿੱਖੀ ਬਹਿਸ ਹੁੰਦੀ ਰਹੀ। ਇਸ ਦੌਰਾਨ ਇਹ ਕਿਆਫੇ ਲੱਗਦੇ ਰਹੇ ਕਿ ਡਿਪਟੀ ਮੁੱਖ ਮੰਤਰੀ ਅਤੇ ਜਨਨਾਇਕ ਜਨਤਾ ਪਾਰਟੀ ਦਾ ਮੁਖੀ ਦੁਸ਼ਯੰਤ ਚੌਟਾਲਾ ਕਿਸੇ ਪਾਸੇ ਖੜਾ ਹੁੰਦਾ ਹੈ। ਉਹ ਆਖਰ ਨੂੰ ਭਾਜਪਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਡਟ ਕੇ ਖੜਾ ਹੋ ਗਿਆ ਅਤੇ



### ਕਾਂਗਰਸ ਨਾਲ 33 ਅਤੇ ਖੱਟਰ ਨਾਲ 55 ਵਿਧਾਇਕ ਖੜੇ ਰਹੇ

ਨਤੀਜੇ ਵਜੋਂ ਜਦੋਂ ਬੇਭਰੋਸਗੀ ਮਤੇ ਉੱਤੇ ਵੋਟਾਂ ਪੈਣ ਦੇ ਬਾਅਦ ਗਿਣਤੀ ਹੋਈ ਤਾਂ ਮਨੋਹਰ ਲਾਲ ਖੱਟਰ ਸਮੇਤ 55 ਮੈਂਬਰਾਂ ਨੇ ਬੇਭਰੋਸੀ ਮਤਾ ਰੱਦ ਕਰਨ ਦੇ ਪੱਖ ਵਿੱਚ ਵੋਟਾਂ ਪਾ ਦਿੱਤੀਆ ਤੇ ਕਾਂਗਰਸ ਦੇ ਬੇਭਰੋਸਗੀ ਮਤੇ ਨਾਲ ਸਿਰਫ 33 ਮੈਂਬਰ ਖੜੇ ਰਹੇ। ਹਰਿਆਣਾ ਦੀ 90 ਮੈਂਬਰੀ ਵਿਧਾਨ ਸਭਾ ਵਿੱਚ ਇਸ ਵੇਲੇ ਦੋ ਸੀਟਾਂ ਖਾਲੀ ਹੋਣ ਕਰ ਕੇ ਕੁੱਲ 88 ਵੋਟ ਕਰਨ ਵਾਲੇ ਮੈਂਬਰ ਹਨ। ਖੱਟਰ ਦੇ ਨਾਲ ਭਾਜਪਾ ਦੇ ਆਪਣੇ 40 ਮੈਂਬਰਾਂ ਦੇ ਇਲਾਵਾ ਜਨਨਾਇਕ ਜਨਤਾ ਪਾਰਟੀ ਦੇ ਦਸ ਅਤੇ ਪੰਜ ਆਜ਼ਾਦ ਵਿਧਾਇਕ ਵੀ ਖੜੇ ਸਨ। ਕਾਂਗਰਸ ਵਲੋਂ ਪੇਸ਼ ਕੀਤੇ ਬੇਭਰੋਸਗੀ ਮਤੇ ਉੱਤੇ ਚਰਚਾ ਦੌਰਾਨ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਛੇੜਨ ਦੇ ਲਈ ਕਿਹਾ ਕਿ 'ਇਹਮਤਾ ਲਿਆਉਣ ਲਈ ਕਾਂਗਰਸ ਦਾ ਧੰਨਵਾਦ, ਕਾਂਗਰਸ ਹਰ 6 ਮਹੀਨੇ ਬਾਅਦ ਬੇਭਰੋਸਗੀ ਮਤਾ ਲੈ ਕੇ ਆਇਆ ਕਰੇ, ਸਾਡੀ ਸਰਕਾਰ ਨੂੰ ਕੋਈ ਖ਼ਤਰਾ ਨਹੀਂ। ਬੇਭਰੋਸਗੀ ਮਤੇ ਦਾ ਕਾਂਗਰਸ ਨੂੰ ਫਾਇਦਾ ਨਹੀਂ ਹੋਣਾ।'

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates

Best Price

Sarbjit: 604.841.9849

SKY BLUE DRYWALL LTD.

Residential & Commercial

T-Bar

Steel Stud

Boarding

Taping

Ceiling Texture

Renovation

Quality Work

Free Estimates



Daljit Singh

778-549-3605

E: singh.mand@icloud.com

# ਸ਼੍ਰੋਮਣੀ ਅਕਾਲੀ ਦਲ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਪੇਸ਼ ਕੀਤਾ ਵਿਸ਼ੇਸ਼ ਅਧਿਕਾਰ ਮਤਾ

## ਬਜਟ ਦੇ ਗਲਤ ਅੰਕੜੇ ਪੇਸ਼ ਕਰਨ ਅਤੇ ਪੇਸ਼ ਕੀਤੇ ਬਜਟਾਂ ਵਿਚ ਕੀਤੀ ਵਿਵਸਥਾ ਅਨੁਸਾਰ ਪੈਸੇ ਜਾਰੀ ਨਾ ਕਰ ਕੇ ਪੰਜਾਬੀਆਂ ਨੂੰ ਧੋਖਾ ਦੇਣ ਦਾ ਲਾਇਆ ਦੋਸ਼

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਅੱਜ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਖਿਲਾਫ ਵਿਸ਼ੇਸ਼ ਅਧਿਕਾਰ ਮਤਾ ਪੇਸ਼ ਕੀਤਾ ਤੇ ਜ਼ੋਰ ਦੇ ਕੇ ਕਿਹਾ ਕਿ ਵੁਹਨਾਂ ਵੱਲੋਂ ਬਜਟ ਦੇ ਗਲਤ ਅੰਕੜੇ ਪੇਸ਼ ਕਰਨ ਅਤੇ ਪੇਸ਼ ਕੀਤੇ ਬਜਟਾਂ ਵਿਚ ਕੀਤੀ ਵਿਵਸਥਾ ਅਨੁਸਾਰ ਪੈਸੇ ਜਾਰੀ ਨਾ ਕਰ ਕੇ ਪੰਜਾਬੀਆਂ ਨੂੰ ਧੋਖਾ ਦੇਣ ਕਾਰਨ ਉਹਨਾਂ ਖਿਲਾਫ ਵਿਸ਼ੇਸ਼ ਅਧਿਕਾਰ ਵਿਵਸਥਾ ਤਹਿਤ ਕਾਰਵਾਈ



ਹੋਣੀ ਚਾਹੀਦੀ ਹੈ। ਇਹ ਮਤਾ ਜੋ ਅੱਜ ਸਵੇਰੇ ਸਪੀਕਰ ਨੂੰ ਸੌਂਪਿਆ ਗਿਆ ਵਿਚ ਦੋਸ਼ ਲਗਾਇਆ ਗਿਆ ਕਿ ਵਿੱਤ ਮੰਤਰੀ ਨੇ ਸਦਨ ਵਿਚ ਝੂਠ ਬੋਲਿਆ ਤੇ ਇਸ ਲਈ ਉਹਨਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ। ਵਿਧਾਇਕ ਦਲ ਦੇ ਨੇਤਾ ਸ੍ਰੀ ਸ਼ਰਨਜੀਤ ਸਿੰਘ ਢਿੱਲੋਂ ਅਤੇ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਅਕਾਲੀ ਦਲ ਦੇ ਵਿਧਾਇਕਾਂ ਨੇ ਕਿਹਾ ਕਿ ਵਿੱਤ ਮੰਤਰੀ ਨੇ ਜੀ ਐਸ ਡੀ ਪੀ ਦਾ ਅੰਕੜਾ ਵਧਾ ਕੇ ਪੇਸ਼ ਕਰ ਕੇ 69676 ਕਰੋੜ ਰੁਪਏ ਦੇ ਗਲਤ ਅੰਕੜੇ ਪੇਸ਼ ਕੀਤੇ ਹਨ। ਉਹਨਾਂ ਕਿਹਾ ਕਿ ਵਿੱਤ ਮੰਤਰੀ ਨੇ ਬਜਟ ਵਿਚ ਗਲਤ ਤਸਵੀਰ ਪੇਸ਼ ਕਰ ਕੇ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀ ਐਸ ਡੀ ਪੀ) ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਹੈ। ਬਜਟ ਵਿਚ ਗਲਤ ਦੱਸਿਆ ਗਿਆ ਹੈ ਕਿ 2020-21 ਲਈ ਜੀ ਐਸ ਡੀ ਪੀ 6.07 ਲੱਖ ਕਰੋੜ ਰੁਪਏ ਹੈ। ਇਥੋਂ ਹੀ ਪਤਾ ਲੱਗ ਜਾਂਦਾ ਹੈ ਕਿ ਸਾਲ 2019-20 ਲਈ ਜੀ ਐਸ ਡੀ ਪੀ 5.74 ਲੱਖ ਕਰੋੜ ਰੁਪਏ ਸੀ ਜਿਸ ਵਿਚ ਕੋਰੋਨਾ ਕਾਰਨ 2020-21 ਲਈ 6.4 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਇਹ ਗੱਲ ਬਜਟ ਦਸਤਾਵੇਜ਼ ਦੇ ਸਫਾ 9 'ਤੇ ਸਪਸ਼ਟ ਲਿਖੀ ਹੈ। ਇਸ ਹਿਸਾਬ ਨਾਲ 2020-21 ਲਈ ਜੀ ਐਸ ਡੀ ਪੀ 5.37 ਲੱਖ ਕਰੋੜ ਰੁਪਏ ਹੋਣੀ ਚਾਹੀਦੀ ਹੈ। ਮਤੇ ਵਿਚ ਇਹ ਵੀ ਦੱਸਿਆ ਗਿਆ ਕਿ ਮਨਪ੍ਰੀਤ ਸਿੰਘ ਬਾਦਲ ਨੇ ਸੂਬੇ ਵੱਲੋਂ 8359 ਕਰੋੜ ਰੁਪਏ ਦੇ ਲਏ ਕਰਜ਼ੇ ਬਾਰੇ ਵੀ ਝੂਠ ਬੋਲਿਆ ਤੇ ਇਸਨੂੰ 2020-21 ਦੇ ਅਨੁਮਾਨਾਂ ਵਿਚ ਸ਼ਾਮਲ ਹੀ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਜੇਕਰ ਇਸਨੂੰ ਹਿਸਾਬ ਵਿਚ ਲਿਆ ਹੁੰਦਾ ਤਾਂ ਫਿਰ 2020-21 ਲਈ ਸੂਬੇ ਦਾ ਕਰਜ਼ਾ 2.61 ਲੱਖ ਕਰੋੜ ਰੁਪਏ ਹੋਣਾ ਸੀ ਨਾ ਕਿ 2.52 ਲੱਖ ਕਰੋੜ ਰੁਪਏ ਜਿਵੇਂ ਕਿ ਬਜਟ ਵਿਚ ਦਰਸਾਇਆ ਗਿਆ ਤੇ ਇਹ 2021-22 ਵਿਚ ਵੱਧ ਕੇ 2.73 ਲੱਖ ਕਰੋੜ ਰੁਪਏ ਹੋ ਜਾਵੇਗਾ। ਇਸ ਸਭ ਦਾ ਨਤੀਜਾ ਹੈ ਕਿ 2021-22 ਵਿਚ ਸੂਬੇ ਦਾ ਕਰਜ਼ਾ ਜੀ ਐਸ ਡੀ ਪੀ ਦਾ 48 ਫੀਸਦੀ ਹੋ ਜਾਵੇਗਾ ਨਾ ਕਿ 45 ਫੀਸਦੀ ਜਿਵੇਂ ਕਿ ਸਰਕਾਰ ਨੇ ਦੱਸਿਆ ਹੈ।

ਵਿਧਾਇਕਾਂ ਨੇ ਕਿਹਾ ਕਿ ਵਿੱਤ ਮੰਤਰੀ ਨੇ ਸਮਾਜ ਦੇ ਹਰ ਵਰਗ ਨੂੰ ਧੋਖਾ ਦਿੱਤਾ ਹੈ। ਉਹਨਾਂ ਨੇ 2019-20 ਵਿਚ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ 3000 ਕਰੋੜ ਰੁਪਏ ਅਤੇ 2020-21 ਵਿਚ 2000 ਕਰੋੜ ਰੁਪਏ ਬਜਟ ਵਿਚ ਰੱਖਣ ਦਾ ਐਲਾਨ ਕੀਤਾ ਸੀ ਪਰ ਇਹ ਪੈਸਾ ਜਾਰੀ ਨਹੀਂ ਕੀਤਾ।

ਇਸੇ ਤਰੀਕੇ ਵਿੱਤ ਮੰਤਰੀ ਨੇ ਪਿਛਲੇ ਚਾਰ ਬਜਟਾਂ ਵਿਚ ਐਸ ਸੀ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਾਸਤੇ 600 ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਸੀ। ਇਹਨਾਂ ਚਾਰਾਂ ਦੇ 2400 ਕਰੋੜ ਰੁਪਏ ਵਿਚੋਂ ਇਕ ਰੁਪਿਆ ਵੀ ਐਸ ਸੀ ਵਿਦਿਆਰਥੀਆਂ ਲਈ ਜਾਰੀ ਨਹੀਂ ਕੀਤਾ ਗਿਆ।

ਵਿਧਾਇਕਾਂ ਨੇ ਕਿਹਾ ਕਿ ਵਿੱਤ ਮੰਤਰੀ ਨੇ ਪਿਛਲੇ ਚਾਰ ਸਾਲਾਂ ਵਿਚ ਸਰਹੱਦੀ ਖੇਤਰ ਦੇ ਵਿਕਾਸ ਵਾਸਤੇ 800 ਕਰੋੜ ਰੁਪਏ ਰੱਖੇ ਜਿਹਨਾਂ ਵਿਚ 2017-18 ਵਿਚ 300 ਕਰੋੜ ਰੁਪਏ, 2018-19 ਵਿਚ 300 ਕਰੋੜ ਰੁਪਏ, 2019-20 ਵਿਚ 100 ਕਰੋੜ ਰੁਪਏ ਅਤੇ 2020-21 ਵਿਚ 100 ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਸੀ ਪਰ ਇਕ ਰੁਪਿਆ ਵੀ ਜਾਰੀ ਨਹੀਂ ਕੀਤਾ ਗਿਆ। ਇਸੇ ਤਰੀਕੇ 2020-21 ਵਿਚ ਕੰਡੀ ਇਲਾਕੇ ਦੇ ਵਿਕਾਸ ਲਈ 100 ਕਰੋੜ ਰੁਪਏ ਰੱਖੇ ਗਏ ਸਨ ਪਰ ਪੈਸਾ ਜਾਰੀ ਨਹੀਂ ਕੀਤਾ ਗਿਆ।

ਢਿੱਲੋਂ ਤੇ ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਵਿੱਤ ਮੰਤਰੀ ਨੂੰ ਐਲਾਨ ਕਰਦੇ ਰਹਿਣ ਦਾ ਜਵਾਬਦੇਹ ਠਹਿਰਾਇਆਜਾਣਾ ਚਾਹੀਦਾ ਹੈ ਕਿਉਂਕਿ ਉਹਨਾਂ ਨੇ ਕਦੇ ਵੀ ਇਹਨਾਂ ਐਲਾਨਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਇੱਛਾ ਨਹੀਂ ਰੱਖੀ। ਮਤੇ ਵਿਚ ਕਿਹਾ ਗਿਆ ਕਿ ਸਰਕਾਰੀ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਦੇ 4 ਹਜ਼ਾਰ ਕਰੋੜ ਰੁਪਏ ਜਾਰੀ ਨਹੀਂ ਕੀਤੇ ਗਏ ਤੇ ਨਾ ਹੀ ਇੰਡਸਟਰੀ ਸੈਕਟਰ ਨੂੰ ਵਾਅਦੇ ਅਨੁਸਾਰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਸਪਲਾਈ ਕੀਤੀ ਗਈ ਹੈ।





IT'S A HEALTH ISSUE,
NOT A RACE ISSUE.

Don't turn a blind eye. COVID-19 affects us all.
Racism doesn't have to.

healthnothate.com #HealthNotHate



METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਇੰਝ ਕਰੋ ਦੂਰ ਗਲੇ ਅਤੇ ਛਾਤੀ ਦੀਆਂ ਬਿਮਾਰੀਆਂ

ਅਕਸਰ ਦੇਖਿਆ ਜਾਂਦਾ ਹੈ ਕਿ ਮੌਸਮ ਬਦਲਣ ਦੇ ਨਾਲ ਸਾਨੂੰ ਬਹੁਤ ਛੋਟੀਆਂ-ਛੋਟੀਆਂ ਬਿਮਾਰੀਆਂ ਹੋ ਜਾਂਦੀਆਂ ਹਨ। ਅਜਿਹੇ 'ਚ ਜੇਕਰ ਇਨ੍ਹਾਂ ਬਿਮਾਰੀਆਂ ਸਹੀ ਇਲਾਜ ਨਾ ਕੀਤਾ ਜਾਵੇ ਤਾਂ ਇਹ ਗੰਭੀਰ ਰੂਪ ਲੈ ਸਕਦੀਆਂ ਹਨ। ਜਦੋਂ ਮੌਸਮ ਬਦਲਦਾ ਹੈ ਤਾਂ ਸਭ ਤੋਂ ਪਹਿਲਾਂ ਸਾਡਾ ਗਲਾ ਖਰਾਬ ਹੁੰਦਾ ਹੈ। ਅਜਿਹੇ ਸਮੇਂ 'ਚ ਗਲੇ ਦਾ ਇਨਫੈਕਸ਼ਨ ਹੋਣ ਨਾਲ ਹੋਰ ਵੀ ਬਿਮਾਰੀਆਂ ਵੱਧ ਸਕਦੀਆਂ ਹਨ। ਜਿਵੇਂ ਕਿ ਗਲੇ 'ਚ ਦਰਦ, ਖਰਾਸ਼ , ਖਾਂਸੀ ਹੋ ਸਕਦਾ ਹੈ। ਅੱਜ ਅਸੀਂ ਤੁਹਾਨੂੰ ਮੌਸਮ ਬਦਲਣ ਦੇ ਨਾਲ-ਨਾਲ ਹੋਣ ਵਾਲੀਆਂ ਗਲੇ ਅਤੇ ਛਾਤੀ ਦੀਆਂ ਬਿਮਾਰੀਆਂ ਨੂੰ ਦੂਰ ਕਰਨ ਦੇ ਘਰੇਲੂ ਉਪਾਅ। ਜਿਨ੍ਹਾਂ ਨੂੰ ਅਪਣਾ ਕੇ ਅਸੀਂ ਅਸਾਨੀ ਨਾਲ ਇਸ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹਾਂ।



ਹਲਦੀ—ਅਕਸਰ ਮੌਸਮ ਬਦਲਣ ਦੇ ਨਾਲ ਅਸੀਂ ਸਾਰੇ ਗਲੇ 'ਚ ਖਰਾਬੀ ਹੋਣ ਕਾਰਨ ਹੀ ਅਸੀਂ ਬਿਮਾਰ ਹੋ ਜਾਂਦੇ ਹਾਂ। ਅਜਿਹੇ 'ਚ ਅਸੀਂ ਤੁਸੀਂ ਅੱਧਾ ਚਮਚ ਕੱਚੀ ਹਲਦੀ ਦਾ ਰਸ ਲਓ ਅਤੇ ਉਸ ਨੂੰ ਮੂੰਹ ਖੋਲ ਕੇ ਗਲੇ 'ਚ ਪਾਓ। ਕੱਚੀ ਹਲਦੀ ਦਾ ਰਸ ਗਲੇ 'ਚ ਪਾਉਣ ਨਾਲ ਤੁਹਾਨੂੰ ਰਾਹਤ ਮਿਲਦੀ ਹੈ। ਜੇਕਰ ਤੁਹਾਡੇ ਬੱਚੇ ਨੂੰ ਟਾਨਸਿਲ ਦੀ ਤਕਲੀਫ ਹੋ ਤਾਂ ਹਲਦੀ ਦਾ ਰਸ ਦੇਣ ਨਾਲ ਠੀਕ ਹੋ ਜਾਂਦੀ ਹੈ।

ਅਦਰਕ—ਅਦਰਕ ਦਾ ਛੋਟਾ ਟੁਕੜਾ ਮੂੰਹ 'ਚ ਰੱਖ ਕੇ ਚੁਸਣ ਨਾਲ ਖਾਂਸੀ ਠੀਕ ਹੁੰਦੀ ਹੈ। ਜੇਕਰ ਜ਼ਿਆਦਾ ਖਾਂਸੀ ਆਉਣ ਕਾਰਨ ਤੁਹਾਡਾ ਮੂੰਹ ਲਾਲ ਹੋ ਜਾਵੇ ਤਾਂ ਅਦਰਕ ਦਾ ਰਸ 'ਚ ਪਾਨ ਦਾ ਰਸ ਅਤੇ ਗੁੜ ਮਿਲਾ ਕੇ ਗਰਮ ਕਰਕੇ ਪੀਣ ਨਾਲ ਤੁਹਾਨੂੰ ਆਰਾਮ ਮਿਲਦਾ ਹੈ।

ਆਨਾਰ ਦਾ ਰਸ—ਖਾਂਸੀ ਨੂੰ ਜਲਦੀ ਬੰਦ ਕਰਨ ਲਈ ਤੁਹਾਨੂੰ ਆਨਾਰ ਦਾ ਜੂਸ ਪੀਣਾ ਚਾਹੀਦਾ ਹੈ।

ਕਾਲੀ ਮਿਰਚ—ਕਾਲੀ ਮਿਰਚ ਨੂੰ ਮੂੰਹ 'ਚ ਰੱਖ ਕੇ ਚਬਾਉਣ ਤੋਂ ਬਾਅਦ ਗਰਮ ਪਾਣੀ ਪੀਣ ਨਾਲ ਵੀ ਤੁਹਾਨੂੰ ਫਾਇਦਾ ਹੁੰਦਾ ਹੈ।

ਦਾਲਚੀਨੀ ਦਾ ਪਾਊਡਰ—ਅਸਥਮਾ ਨੂੰ ਠੀਕ ਕਰਨ ਲਈ ਹਰ ਰੋਜ਼ ਸਵੇਰੇ ਖਾਲੀ ਪੇਟ ਦਾਲਚੀਨੀ 'ਚ ਅੱਧਾ ਚਮਚ 'ਚ ਗੁੜ ਮਿਲਾ ਕੇ ਅੱਧਾ ਪੀਣਾ ਪਿਓ।




## ਦੇਸੀ ਨੁਸਖੇ...

# ਕੈਂਸਰ ਤੋਂ ਬਚਣ ਲਈ ਜ਼ਰੂਰ ਖਾਓ ਬਰੋਕਲੀ





ਕੈਂਸਰ ਦੇ ਮਰੀਜ਼ਾਂ ਲਈ ਚੰਗੀ ਖ਼ਬਰ ਹੈ। ਅਸਲ 'ਚ ਬਰੋਕਲੀ ਕੈਂਸਰ ਦੇ ਖ਼ਤਰੇ ਨੂੰ ਘੱਟ ਕਰਨ 'ਚ ਬਹੁਤ ਮਦਦਗਾਰ ਸਾਬਤ ਹੋ ਸਕਦੀ ਹੈ। ਬਰੋਕਲੀ 'ਚ ਪਾਇਆ ਜਾਣ ਵਾਲਾ ਯੌਗਿਕ ਛਾਤੀ ਦੇ ਕੈਂਸਰ ਦੀਆਂ ਕੋਸ਼ਿਕਾਵਾਂ 'ਚ ਵਾਧੇ ਨੂੰ ਘੱਟ ਕਰਨ 'ਚ ਮਦਦਗਾਰ ਸਿੱਧ ਹੋ ਸਕਦਾ ਹੈ। ਖ਼ਾਸ ਕਰਕੇ ਮੁੱਢਲੀ ਸਟੇਜ 'ਚ ਇਹ ਵਧੇਰੇ ਅਸਰਦਾਰ ਹੁੰਦਾ ਹੈ। ਅਮਰੀਕਾ ਦੀ ਓਰੇਗਨ ਸਟੇਟ ਯੂਨੀਵਰਸਿਟੀ (ਓ. ਐੱਸ. ਯੂ) ਅਤੇ ਓਰੇਗਨ ਹੈਲਥ ਐਂਡ ਸਾਇੰਸ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਇੱਕ ਨਵੇਂ ਅਧਿਐਨ 'ਚ ਸੁਝਾਅ ਦਿੱਤਾ ਹੈ ਕਿ ਬਰੋਕਲੀ (ਇੱਕ ਪ੍ਰਕਾਰ ਦੀ ਗੋਭੀ) ਅਤੇ ਕਰੂਸੀਫੇਰਸ ਸਬਜ਼ੀਆਂ (ਉਸ ਦੇ ਪਰਿਵਾਰ ਨਾਲ ਸੰਬੰਧਤ ਬਨਸਪਤੀਆਂ) ਤੋਂ ਪ੍ਰਾਪਤ ਹੋਣ ਵਾਲਾ ਸਲਫੋਰਾਫੇਨ (ਯੌਗਿਕ) 'ਚ ਅਜਿਹੇ ਸਬੂਤ ਮਿਲੇ ਹਨ, ਜਿਨ੍ਹਾਂ ਰਾਹੀਂ ਕੈਂਸਰ ਤੋਂ ਲੰਬੇ ਸਮੇਂ ਤੱਕ ਬਚਿਆ ਜਾ ਸਕਦਾ ਹੈ। ਇਸ ਲਈ ਸਲਫੋਰਾਫੇਨ ਕੈਂਸਰ ਦੇ ਵਾਧੇ ਨੂੰ ਘੱਟ ਕਰਨ 'ਚ ਮਦਦਗਾਰ ਹੋ ਸਕਦਾ ਹੈ।

### 54 ਔਰਤਾਂ 'ਤੇ ਹੋਇਆ ਇਹ ਅਧਿਐਨ

ਇਹ ਪਹਿਲੇ ਚਿਕਿਤਸਕ ਦਾ ਨਤੀਜਾ ਹੈ, ਜਿਸ 'ਚ ਛਾਤੀ ਦਾ ਕੈਂਸਰ ਦਾ ਇਲਾਜ ਕਰਾ ਰਹੀਆਂ ਔਰਤਾਂ 'ਤੇ ਸਲਫੋਰਾਫੇਨ ਦੇ ਪ੍ਰਭਾਵ ਨੂੰ ਦੇਖਿਆ ਗਿਆ ਹੈ। ਇਸ ਖੋਜ 'ਚ ਅਜਿਹੀਆਂ 54 ਔਰਤਾਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਨੂੰ ਮੈਮੋਗ੍ਰਾਫ਼ੀ ਜਾਂਚ 'ਚ ਕੁਝ ਅਸਾਧਾਰਣ ਤੱਤ ਮਿਲੇ ਸਨ। ਇਨ੍ਹਾਂ ਨੂੰ ਪਲੇਸਬੋ ਨਿਰੀਖਣ ਦੇ ਅੰਤਰਗਤ ਸਲਫੋਰਾਫੇਨ ਦਾ ਸੇਵਨ ਕਰਨ ਲਈ ਦਿੱਤਾ ਗਿਆ।

### ਪਹਿਲਾਂ ਵੀ ਹੋ ਚੁੱਕੀ ਹੈ ਖੋਜ

ਓ. ਐੱਸ. ਯੂ. ਕਾਲਜ ਆਫ ਪਬਲਿਕ ਹੈਲਥ ਐਂਡ ਹਿਊਮਨ ਸਾਇੰਸੇਜ਼ ਦੀ ਪ੍ਰੋਫੈਸਰ ਏਮਿਲੀ ਹੋ ਨੇ ਦੱਸਿਆ ਕਿ ਅਧਿਐਨ ਦੇ ਬਾਅਦ ਔਰਤਾਂ ਦੀ ਜਾਂਚ 'ਚ ਅਸੀਂ ਇਹ ਦੇਖ ਕੇ ਹੈਰਾਨ ਹੋ ਗਏ ਕਿ ਇਸ ਯੌਗਿਕ ਰਾਹੀਂ ਉਨ੍ਹਾਂ ਅਸਾਧਾਰਣ ਚਿੰਨ੍ਹਾਂ 'ਚ ਕਮੀ ਸੀ। ਇਸ ਦਾ ਭਾਵ ਹੈ ਕਿ ਇਹ ਯੌਗਿਕ ਕੈਂਸਰ ਦੇ ਵਾਧੇ ਨੂੰ ਘੱਟ ਕਰ ਸਕਦਾ ਹਨ। ਪਹਿਲਾਂ ਹੋਏ ਅਧਿਐਨਾਂ 'ਚ ਵੀ ਦੱਸਿਆ ਗਿਆ ਹੈ ਕਿ ਕਰੂਸੀਫੇਰਸ ਸਬਜ਼ੀਆਂ ਜਿਵੇਂ ਬਰੋਕਲੀ, ਗੋਭੀ ਜਾਂ ਫੁੱਲਗੋਭੀ ਦਾ ਸੇਵਨ ਛਾਤੀ ਦੇ ਕੈਂਸਰ ਦੇ ਖ਼ਤਰੇ ਨੂੰ ਘੱਟ ਕਰਦਾ ਹੈ।






# ਕਿਸਾਨ-ਮਜ਼ਦੂਰ ਸੰਘਰਸ਼



ਕਿਸਾਨ ਮਜ਼ਦੂਰ ਸੰਘਰਸ਼ ਹੁੰਦਾ ਹੀ ਚਲਿਆ ਆਇਆ ਹੈ, ਕਿਸਾਨ ਮਜ਼ਦੂਰ ਦੀ ਜ਼ਿੰਦਗੀ ਆਪਣੇ ਆਪ 'ਚ ਇੱਕ ਸੰਘਰਸ਼ ਹੈ: ਇਸ ਦੇ ਕਈ ਰੂਪ ਤੇ ਸੁਭਾਅ ਹਨ।ਕਿਸਾਨ ਮਜ਼ਦੂਰ ਦਾ ਆਪਸੀ ਰਿਸ਼ਤਾ ਅਟੁੱਟ ਹੈ। ਦੋਹਾਂ ਦੀ ਹੋਂਦ ਇੱਕ ਦੂਸਰੇ ਨਾਲ ਜੁੜੀ ਹੋਈ ਹੈ। ਇ੍ਹਨਾਂ ਦਾ ਆਪਸੀ ਸਬੰਧ ਇੱਕ ਦੂਜੇ ਲਈ ਸਾਹ ਰਗ ਦਾ ਕੰਮ ਕਰਦਾ ਹੈ।ਅੱਜ ਦੇ ਮਸ਼ੀਨੀ ਯੁੱਗ ਨੇ ਭਾਵੇਂ ਕੁੱਝ ਨਵਾਂ ਮੋੜਾ ਲਿਆ ਹੈ ਪਰ ਇਹ ਰਿਸ਼ਤਾ ਸੰਪੂਰਨ ਬਰਕਰਾਰ ਹੈ। ਖੇਤੀ ਕਾਨੂੰਨਾਂ ਦੇ ਵਿਰੋਧ 'ਚ ਦਿੱਲੀ ਦੇ ਬਾਰਡਰਾਂ ਤੇ ਚੱਲ ਰਹੇ ਸੰਘਰਸ਼ ਨੇ ਇਸ ਰਿਸ਼ਤੇ ਨੂੰ ਖੁੱਲ ਕੇ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਹਰ ਇੱਕ ਕਿਸਾਨ, ਚਾਹੇ ਵੱਡਾ ਹੈ ਜਾਂ ਛੋਟਾ ਇਹ ਇੱਕ ਇੱਕ ਇਕਾਈ ਹੈ; ਇਹਨਾਂ ਦਾ ਆਪੋ ਆਪਣਾ ਅੱਡੋ ਅੱਡ ਫਸਲ ਦੀ ਪੈਦਾਵਾਰ ਦਾ ਵੱਖੋ ਵੱਖਰਾ ਜੁਗਾੜ ਹੈ। ਖੇਤੀ ਦੇ ਮਸ਼ੀਨੀਕਰਨ ਹੋਣ ਤੋਂ ਪਹਿਲਾਂ ਕਿਸਾਨ ਦਾ ਸਾਰਾ ਟੱਬਰ ਖੇਤੀ ਕੰਮ ਵਿੱਚ ਆਪੋ ਆਪਣਾ ਯੋਗਦਾਨ ਪਾਉਂਦਾ ਸੀ, ਨਿੱਕੇ ਨਿਆਣਿਆਂ ਤੋਂ ਲੈ ਕੇ ਵਿਰਧ ਹੋ ਗਏ ਬਜ਼ੁਰਗਾਂ ਤੱਕ। ਤਿੰਨ ਕੁ ਸਾਲ ਦੇ ਬੱਚੇ ਨੂੰ ਖੂਹ ਨੂੰ ਚਾਹ ਦਾ ਡੋਲੂ ਲੈ ਕੇ ਤੋਰ ਦਈਦਾ ਸੀ ਤੇ ਨਾਲ ਕਹਿ ਦੇਣਾ ਕਿ ਮੁੜਦਾ ਇਸੇ ਡੋਲੂ 'ਚ ਦੁੱਧ ਪੁਆ ਕੇ ਲੈ ਆਈਂ।ਸਿਆਣੇ ਬਜੁਹੱਡ ਪੈਰ ਚਲਦੇ ਰੱਖਣ ਲਈ, ਅਤੇ ਘਰ ਦੇ ਕੰਮ ਕਾਜ 'ਚ ਸਹਾਈ ਹੁੰਦੇ ਰਹਿਣ ਲਈ, ਪਸ਼ੂਆਂ ਨੂੰ ਪਾਣੀ ਪਿਆ ਦੇਣਾ, ਖੋ੍ਹਲ ਕੇ ਏਧਰੋਂ ਓਧਰ ਬੰਨ ਦੇਣਾ ਅਤੇ ਰਾਖੀ ਆਦਿ ਦਾ ਕੰਮ ਬਿਨ ਦੱਸਿਆਂ ਪੁੱਛਿਆਂ ਹੀ ਕਰੀ ਜਾਇਆ ਕਰਦੇ ਸਨ ਤੇ ਇੰਜ ਖੇਤੀ ਦੇ ਕਾਰਖਾਨੇ ਦੀ ਮਸ਼ੀਨ ਆਪੇ ਹੀ ਆਟੋ ਮੋਡ 'ਚ ਲੱਗੀ ਚੱਲੀ ਜਾਂਦੀ ਸੀ।ਜੇ ਕੋਈ ਘਰ ਦਾ ਜੀਅ ਕੰਮ-ਚੋਟਾ ਹੋਵੇ ਤਾਂ ਉਸ ਨੂੰ ਵਾਂਢੇ ਜਾਣ ਆਉਣ ਦਾ ਜੁੰਮਾ ਸੌਂਪ ਦਿੱਤਾ ਜਾਂਦਾ ਸੀ ਅਤੇ ਸ਼ਹਿਰੋਂ, ਘਰ ਤੇ ਖੇਤੀ ਦੀਆਂ ਲੋੜੀਂਦੀਆਂ ਚੀਜ਼ਾਂ ਬਸਤਾਂ ਲਿਆਉਣ ਦਾ ਜੁੰਮਾ ਲਾ, ਕੰਮ ਉਸ ਤੋਂ ਵੀ ਉਤਨਾ ਹੀ ਲੈ ਲਿਆ ਜਾਂਦਾ ਸੀ।



ਕਲਵੰਤ ਸਿੰਘ ਸਹੋਤਾ
604-589-5919

ਹਰੇ ਇਨਕਲਾਬ ਤੋਂ ਪਹਿਲਾਂ ਪੁਸ਼ਤਾਂ ਤੋਂ ਹੀ ਇੱਕ ਰੁਝਾਨ ਬਣਿਆਂ ਚਲਿਆ ਆ ਰਿਹਾ ਸੀ ਕਿ ਖੇਤੀ 'ਚ ਹੱਥ ਵਟਾਉਣ ਲਈ ਇੱਕ ਸਾਂਝੀ ਕਾਮਾ ਸਾਰਾ ਸਾਲ, ਉਸ ਕਿਸਾਨ ਪਰਿਵਾਰ ਨਾਲ ਰੋਟੀ ਤੇ ਹੀ ਕੰਮ ਕਰਵਾਉਂਦਾ ਰਹਿੰਦਾ ਸੀ ਤੇ ਅਖੀਰ ਫਸਲ ਆਉਣ ਤੇ ਉਸ ਨੂੰ ਕੰਮ ਕਰਾਉਣ ਦੇ ਇਵਜ਼ ਵਜੋਂ ਫਸਲ ਦਾ ਕੁੱਝ ਹਿੱਸਾ ਦੇ ਦਿੱਤਾ ਜਾਂਦਾ ਸੀ, ਪਰ ਕਈਆਂ ਨਾਲ ਫਸਲ ਦੀ ਮਿਕਦਾਰ ਮਿਥੀ ਹੁੰਦੀ ਸੀ ਜਿਸ ਨੂੰ ਪੰਜ-ਦੁਪੰਜੀ ਕਹਿੰਦੇ ਸਨ,ਪੰਜਾਂ ਹਿੱਸਿਆਂ 'ਚੋਂ ਦੋ ਹਿੱਸੇ ਮਜ਼ਦੂਰ ਦੇ ਤੇ ਤਿੰਨ ਕਿਸਾਨ ਦੇ: ਜਾਂ ਇੰਜ ਕਹਿ ਲਈਏ ਕਿ ਚਾਲੀ ਪ੍ਰਤੀਸ਼ਤ ਕੰਮ ਕਰਨ ਵਾਲੇ ਦਾ ਤੇ ਸੱਠ ਪ੍ਰਤੀਸ਼ੱਤ ਕਿਸਾਨ ਦਾ ਹਿੱਸਾ। ਇੰਜ ਹਿੱਸੇ ਤੇ ਕੰਮ ਕਰਵਾਉਣ ਵਾਲੇ ਨੂੰ ਸੀਰੀ ਕਹਿੰਦੇ ਸਨ, ਜੋ ਸਾਰਾ ਸਾਲ ਕਿਸਾਨ ਪਰਿਵਾਰ ਨਾਲ ਘਰ ਦੇ ਜੀਆਂ ਵਾਂਗ ਹੀ ਹਰ ਖੇਤੀ ਦੇ ਕੰਮ ਕਾਜ ਨੂੰ ਸਿਰੇ ਚਾੜ੍ਹਨ ਲਈ ਤਤਪਰ ਤੇ ਹਾਜ਼ਰ ਰਹਿੰਦਾ ਸੀ।ਇਸ ਪਰਕਾਰ ਬਹੁਤੇ ਕਿਸਾਨ ਪਰਿਵਾਰਾਂ ਦਾ, ਵਿੱਤ ਮੁਤਾਬਕ ਇੱਕ ਇੱਕ ਸੀਰੀ ਪਰਿਵਾਰ ਅੱਗੇ ਤੋਂ ਅੱਗੇ ਪੁਸ਼ਤ ਦਰ ਪੁਸ਼ਤ ਚਲਿਆ ਆਇਆ ਕਰਦਾ ਸੀ।ਸੱਠਵਿਆਂ ਦੇ ਹਰੇ ਇਨਕਲਾਬ ਵੇਲੇ ਤਬਦੀਲੀ ਦਾ ਰੁਖ਼ ਆਇਆ ਤਾਂ ਨਕਦ ਪੈਸਿਆਂ ਤੇ ਜੋਤੇ ਅਤੇ ਦਿਹਾੜੀਆਂ ਕਰਨ ਦਾ ਰਿਵਾਜ਼ ਪ੍ਰਚੱਲਤ ਹੋ ਗਿਆ। ਹਰ ਕੰਮ ਪੈਸੇ ਦੇ ਕੇ ਕਰਵਾਇਆ ਜਾਣ ਲੱਗਾ; ਕਿਸਾਨ ਨਾਲ ਕੰਮ ਕਰਵਾਉਣ ਵਾਲੇ ਹੁਣ ਫਸਲ ਦੇ ਹਿੱਸੇ ਦੀ ਥਾਂ ਨਕਦ ਪੈਸਿਆਂ ਤੇ ਕੰਮ ਕਰਨ ਲੱਗੇ: ਚਾਹੇ ਉਹ ਪੈਸੇ ਦਿਹਾੜੀ ਦੇ ਹੋਣ, ਮਹੀਨੇ ਦੇ ਜਾਂ ਪ੍ਰਤੀ ਸਾਲ ਦੀ ਮਿਥੀ ਤਨਖਾਹ।ਸਮੇਂ ਦੇ ਬਦਲਾ ਨਾਲ ਕਿਸਾਨ ਮਜ਼ਦੂਰ ਦੇ ਰਿਸ਼ਤੇ ਦੀ ਸਾਂਝ, ਕੰਮ ਬਦਲੇ ਫਸਲ ਦਾ ਹਿੱਸਾ ਦੇਣ ਦੀ ਥਾਂ ਪੈਸਿਆਂ ਨੇ ਲੈ ਲਈ। ਜਦ ਗੱਲ ਪੈਸਿਆਂ ਦੀ ਆ ਗਈ ਤਾਂ ਇੱਕੋ ਪਰਿਵਾਰ ਨਾਲ ਕੰਮ ਕਰਦੇ ਰਹਿਣ ਦੀ ਪ੍ਰਤੀਵੱਧਤਾ ਵੀ ਖਤਮ ਹੋ ਗਈ। ਵੱਧ ਪੈਸੇ ਲੈ ਕੇ ਕਿਸੇ ਵੀ ਕਿਸਾਨ ਨਾਲ ਕੰਮ ਕਰਨ ਦਾ ਰਾਹ ਪੱਧਰਾ ਹੋ ਗਿਆ ਤੇ ਪੁਸ਼ਤਾਂ ਤੋਂ ਚਲੀ ਆ ਰਹੀ ਸਾਂਝ ਨੂੰ ਸਮੇਂ ਦੀ ਰਫ਼ਤਾਰ ਨੇ ਨਕਦ ਪੈਸਿਆਂ ਨਾਲ ਬੰਨ ਦਿੱਤਾ।

ਕਿਸਾਨ ਮਜ਼ਦੂਰ ਸੰਘਰਸ਼ ਦੀਆਂ ਇੱਕ ਦੋ ਘਟਨਾਵਾਂ ਜਿਹੜੀਆਂ ਮੇਰੇ ਆਪਣੇ ਜੀਵਨ ਦਾ ਹਿੱਸਾ ਹਨ, ਮੈਂ ਜ਼ਿਕਰ ਕਰਦਾਂ। ਇੱਕ ਸਾਲ ਸਾਡੀ ਕਣਕ ਦੇ ਦੋ ਖੇਤ ਅਗੇਤੇ ਪੱਕ ਗਏ, ਤੇ ਅਗੇਤੀ ਹੀ ਵਾਢੀ ਕਰਵਾਉਣੀ ਪਈ। ਵਾਢੇ ਕਣਕ ਵੱਢ ਕੇ ਭਰੀਆਂ ਤਾਂ ਬੰਨ ਗਏ ਪਰ ਭਰੀਆਂ ਚੁੱਕ ਕੇ ਖਲ੍ਹੀ ਲਾਉਣ ਤੋਂ ਇਨਕਾਰੀ ਹੋ ਗਏ। ਸਾਡੇ ਖੂਹ ਦੇ ਪਿੜ ਤੋਂ ਇੱਕ ਖੇਤ ਦੇ ਫਾਸਲੇ ਨਾਲ, ਸਾਡੀ ਉਹ ਦੋ ਖੇਤਾਂ ਦੀ ਕਣਕ ਸੀ।ਵਾਢੀ ਦੀਆਂ ਬਣਦੀਆਂ ਕਣਕ ਦੀਆਂ ਭਰੀਆਂ ਉਹ ਪਹਿਲਾਂ ਹੀ ਲੈ ਗਏ ਤੇ ਹੁਣ ਖਲ੍ਹੀ ਲਾਉਣ ਦੀਆਂ ਉਤਨੀਆਂ ਹੀ ਹੋਰ ਮੰਗਦੇ ਸਨ, ਜਿਹੜੀਆਂ ਉੱਕਾ ਹੀ ਨਾ ਮੁਮਕਨ ਤੇ ਸਾਡੇ ਹਿਸਾਬ ਨਾਲ ਨਾਜਾਇਜ਼ ਸਨ। ਉਹਨਾਂ ਨੂੰ ਇਹ ਪਤਾ ਸੀ ਕਿ ਮੈਂ ਤਾਂ ਕਾਲਜ ਪੜ੍ਹਨ ਜਾਂਦਾ ਹਾਂ; ਬਾਪੂ ਜੀ ਇਕੱਲੇ ਦੋ ਖੇਤਾਂ ਦੀਆਂ ਭਰੀਆਂ ਚੁੱਕ ਕੇ ਖਲ੍ਹੀ ਲਾ ਨਹੀਂ ਸਕਦੇ ਤੇ ਹਰ ਹਾਲਤ ਜਿਹਨਾਂ ਕਣਕ ਵੱਢੀ ਉਹਨਾਂ ਤੋਂ ਹੀ ਖਲ੍ਹੀ ਲਗਵਾਉਣਗੇ ! ਸੋ ਕਿਉਂ ਨਾ ਇਸ ਮਜ਼ਬੂਰੀ ਤਹਿਤ ਦੂਹਰੀ ਮਿਹਨਤ ਲੈਣ ਦਾ ਮਾਂਜਾ ਲਾਇਆ ਜਾਏ।ਮੇਰੇ ਮਨ ਨੂੰ ਉਹਨਾਂ ਦੀ ਇਹ ਖੇਡ ਹੋ ਰਹੀ ਚਤੁਰਾਈ, ਉੱਕਾ ਹੀ ਨਾ ਭਾਈ ਤੇ ਮੈਂ ਕੋਰਾ ਕਹਿ ਦਿੱਤਾ ਕਿ ਤੁਹਾਨੂੰ ਬਣਦੀ ਮਿਹਨਤ ਦੇ ਦਿੱਤੀ ਹੈ ਤੇ ਤੁਸੀਂ ਕੰਮ ਅਧੂਰਾ ਛੱਡ ਕੇ ਆਪਣੀ ਜੁੰਮੇਵਾਰੀ ਨਿਭਾਉਣ ਤੋਂ ਇਨਕਾਰੀ ਹੋ ਰਹੇ ਹੋ। ਤਿੰਨ ਚਾਰ ਦਿਨ ਇਹ ਘਸ ਘਸ ਚਲਦੀ ਰਹੀ।ਇਸੇ ਦੌਰਾਨ ਸਾਨੂੰ ਇਹ ਸੁਨੇਹੇ ਮਿਲਣ ਲੱਗੇ ਕਿ ਵਾਧੂ ਹੋਰ ਕਣਕ ਦੀਆਂ ਭਰੀਆਂ ਉਹਨਾਂ ਨੂੰ ਦੇਵਾਂਗੇ ਤਾਂ ਉਹ ਖਲ੍ਹੀ ਲਾਉਣਗੇ, ਅੱਗੋਂ ਉਹਨਾਂ ਇਹ ਵੀ ਠੋਕ ਕੇ ਕਹਿ ਦਿੱਤਾ ਕਿ ਤੁਸੀਂ ਕਿਹੜਾ ਆਪ ਚੁੱਕ ਕੇ ਖਲ੍ਹੀ ਲਾ ਲੈਣੀ ਹੈ ? ਕੰਮ ਤਾਂ ਸਾਥੋਂ ਹੀ ਕਰਵਾਉਣਾ ਪਊ। ਇਹ ਮੈਨੂੰ ਓਂਕਾ ਹੀ ਬਲੈਕ ਮੇਲ ਲੱਗਿਆ ਤੇ ਮਨ ਦੁਬਿਦਾ 'ਚ ਪੈ ਗਿਆ ਕਿ ਹੁਣ ਕੀਤਾ ਕੀ ਜਾਏ ? ਇੱਕ ਪਾਸੇ ਮਜ਼ਬੂਰੀ ਹੈ ਤੇ ਦੂਜੇ ਪਾਸੇ ਗੱਲ ਅਸੂਲ ਦੀ ਹੈ।-ਉਹਨਾਂ ਦਿਨਾਂ 'ਚ ਸਾਡੇ ਖੂਹ ਤੇ ਇੱਕ ਰਾਜ ਮਿਸਤਰੀ, ਜਿਸ ਦਾ ਨਾਂ ਭਜਨ ਸਿੰਘ ਸੀ, ਉਹ ਦਿਨੇ ਪਿੰਡ 'ਚ ਰਾਜਗਿਰੀ ਕਰਕੇ ਰਾਤ ਨੂੰ ਸਾਡੇ ਖੂਹ ਤੇ ਬਾਪੂ ਜੀ ਦੇ ਕੋਲ ਹੀ ਸੌਂ ਜਾਇਆ ਕਰਦਾ ਸੀ। ਉਹ ਕੁੱਪ-ਰੋਹੀੜੇ ਦਾ ਸੀ, ਜਿੱਥੇ ਵੱਡੇ ਘੱਲੂਘਾਰੇ ਦਾ ਸਾਕਾ ਵਾਪਰਿਆ ਸੀ ਤੇ ਹਜ਼ਾਰਾਂ ਹੀ ਸਿੰਘ ਸ਼ਹੀਦ ਹੋਏ ਸਨ। ਮੈਂ ਇਹ ਵੀ ਦੱਸ ਦਿਆਂ ਕਿ ਸਾਡੇ ਨਾਲ ਉਸ ਦਾ ਸਬੰਧ ਕਿਵੇਂ ਪੈ ਗਿਆ ?- ਜਦੋਂ ਅਸੀਂ ਲੁਧਿਆਣੇ ਤੋਂ 'ਜਿੰਦਲ ਐਂਡ ਕੰਪਨੀ ਤੋਂ ਨਵਾਂ ਪੇਟੀ ਬੰਦ ਕਿਰਲੋਸਕਰ ਇੰਜਨ ਖ੍ਰੀਦਿਆ ਤਾਂ ਜਿੰਦਲਾਂ ਨੂੰ ਹੀ ਪੁੱਛ ਲਿਆ ਕਿ ਜੇ ਤੁਹਾਡੇ ਕੋਲ ਕੋਈ ਕਾਰੀਗਰ ਹੈਗਾ ਤਾਂ ਉਹ ਸਾਡੇ ਖੂਹ ਤੇ ਜਾ ਕੇ ਇਹ ਇੰਜਨ ਚਲਦਾ ਕਰ ਖੂਹ ਚੋਂ ਟਿਊਬਵੈਲ ਨਾਲ ਪਾਣੀ ਨਿਕਲਦਾ ਕਰ ਆਏ; ਤਾਂ ਉਹਨਾਂ ਝੱਟ ਹੀ ਮਿਸਤਰੀ ਬਚਨ ਸਿੰਘ ਦੀ ਦੱਸ ਪਾਈ ਤੇ ਉਸ ਨੂੰ ਉੱਥੇ ਬੁਲਾ ਲਿਆ: ਉਸ ਬਾਅਦਾ ਕੀਤਾ ਕਿ ਚੌਥੇ ਦਿਨ ਨੂੰ ਉਹ ਰਾਜ ਮਿਸਤਰੀ ਵੀ ਆਪਣੇ ਨਾਲ ਲੈ ਸਵੇਰੇ ਦਸ ਵਜੇ ਸਾਡੇ ਖੂਹ ਤੇ ਪੁੱਜ ਜਾਏਗਾ। ਬਾਅਦੇ ਮੁਤਾਬਕ ਬਚਨ ਸਿੰਘ ਆਪਣੇ ਹੀ ਮੋਟਰ ਸਾਈਕਲ ਤੇ ਰਾਜ ਮਿਸਤਰੀ ਭਜਨ ਸਿੰਘ ਨੂੰ ਨਾਲ ਲੈ ਆਇਆ। ਬਚਨ ਸਿੰਘ ਤਾਂ ਪਾਈਪ ਖੂਹ 'ਚ ਵਰਾ ਕੇ ਪੱਖੇ ਨਾਲ ਕੱਸ ਇੰਜਨ ਦੀ ਸੇਧ ਵੇਧ ਕਰਕੇ ਤੇ ਫੱਟੇ ਤੇ ਇੰਜਨ ਕੱਸ ਟਿਊਬਵੈਲ ਚਲਦਾ ਕਰ ਆਇਆ ਪਰ ਭਜਨ ਸਿੰਘ ਨੂੰ ਸਾਡੇ ਖੂਹ ਤੇ ਹੀ ਛੱਡ ਆਇਆ ਕਿ ਉਹ ਇੰਜਨ ਵਾਲੀ ਥੜੀ ਤੇ ਇੰਜਨ ਵਾਲੀ ਕੋਠੀ ਦਾ ਕੰਮ ਪੂਰਾ ਕਰਕੇ ਹਫਤੇ ਦਸਾਂ ਦਿਨਾਂ ਮਗਰੋਂ ਲੁਧਿਆਣੇ ਪਰਤ ਆਏ। ਹੋਇਆ ਇਹ ਕਿ ਸਾਡਾ ਤਾਂ ਕੰਮ ਹਫਤੇ 'ਚ ਮੁੱਕ ਗਿਆ ਪਰ ਲਗਦੇ ਹੀ ਹੱਥ ਭਜਨ ਸਿੰਘ ਨੂੰ ਸਾਡੇ ਪਿੰਡ 'ਚ ਹੀ ਮਕਾਨਾਂ ਦੀ ਉਸਾਰੀ ਦਾ ਕੰਮ ਐਸਾ ਲੜੀ ਦਰ ਲੜੀ ਮਿਲਦਾ ਗਿਆ ਕਿ ਉਹ ਤਾਂ ਸਾਲ ਭਰ ਹੀ ਸਾਡੇ ਖੂਹ ਤੇ ਰਿਹਾ। ਦਿਨੇ ਪਿੰਡ 'ਚ ਰਾਜਗਿਰੀ ਦੀ ਦਿਹਾੜੀ ਕਰ ਤੇ ਉੱਥੇ ਹੀ ਰੋਟੀ ਪਾਣੀ ਛਕ ਰਾਤ ਨੂੰ ਸਾਡੇ ਖੂਹ ਤੇ ਆ ਕੇ ਸੌਂ ਜਾਇਆ ਕਰੇ।-ਹਾਂ ਵੱਢੀ ਕਣਕ ਦੀ ਖਲ੍ਹੀ ਲਾਉਣ ਦੀ ਰੋਜ਼ ਹੁੰਦੀ ਘੁਸਰ-ਮੁਸਰ ਉਹ ਵੀ ਸੁਣਦਾ ਰਿਹਾ; ਤੇ ਇੱਕ ਦਿਨ ਮੈਨੂੰ ਕਹਿੰਦਾ ਕਿ ਜੇ ਮੈਂ ਹਿੰਮਤ ਕਰਾਂ, ਤਾਂ ਉਹ ਮੈਨੂੰ ਖੇਤ 'ਚ ਪਈਆਂ ਭਰੀਆਂ ਚੁਕਾ ਦਏਗਾ।ਤੇ ਮੈਂ ਆਪ ਸਿਰ ਤੇ ਚੁੱਕ ਖਲ੍ਹੀ ਲਾ ਲਵਾਂ, ਉਸ ਦੀ ਇਹ ਪੇਸ਼ਕਸ਼ ਮੈਨੂੰ ਵੜੀ ਚੰਗੀ ਲੱਗੀ, ਕਹਾਵਤ ਹੈ 'ਅੰਨਾ ਕੀ ਭਾਲੇ ਦੋ ਅੱਖਾਂ' ਅਗਲੀ ਰਾਤ ਉਹ ਕੰਮ ਤੋਂ ਆ ਕੇ ਮੈਨੂੰ ਭਰੀਆਂ ਚੁਕਾਉਂਦਾ ਰਿਹਾ ਤੇ ਮੈਂ ਸਿਰ ਤੇ ਚੁੱਕ ਚੁੱਕ ਲਿਆਓਂਦਾ ਰਿਹਾ, ਚੰਦ ਦੀ ਚਾਨਣੀ ਸੀ, ਸੂਰਜ ਚੜ੍ਹਨ ਤੋਂ ਪਹਿਲਾਂ ਦੋ ਖੇਤਾਂ ਦੀ ਵੱਢੀ ਕਣਕ ਦੀਆਂ ਭਰੀਆਂ ਦੀ ਖਲ੍ਹੀ ਲਾ ਦਿੱਤੀ। ਜਿਹਨਾਂ ਕਣਕ ਵੱਢੀ ਸੀ ਉਹ ਵੀ ਹੈਰਾਨ ਤੇ ਆਂਢ ਗੁਆਂਢ ਦੇ ਖੂਹਾਂ ਵਾਲੇ ਵੀ ਕਿ ਕੱਲ ਸ਼ਾਮ ਤਾਂ ਭਰੀਆਂ ਖੇਤ 'ਚ ਪਈਆਂ ਸਨ ਤੇ ਸਵੇਰੇ ਦੇਖਿਆ ਤਾਂ ਖੇਤ ਦੇ ਫਾਸਲੇ ਤੇ ਪਿੜ 'ਚ ਖਲ੍ਹੀ ਲੱਗੀ ਹੋਈ ਸੀ।ਸਾਰੀ ਰਾਤ ਭਰੀਆਂ ਚੁਕਾਉਂਦਾ

ਬੀ.ਸੀ. ਵਿੱਚ ਕੋਵਿਡ-19

ਟੀਕਾਕਰਣ ਅਪਡੇਟ

ਹੁਣ ਕਿਸ ਦੀ ਬਾਰੀ ਹੈ:

**80** ਸਾਲ ਅਤੇ ਉਸ ਤੋਂ ਵਧ ਉਮਰ ਦੇ ਬਜ਼ੁਰਗ

**65** ਸਾਲ ਅਤੇ ਉਸ ਤੋਂ ਵਧ ਉਮਰ ਦੇ ਮੂਲਵਾਸੀ ਲੋਕ

COVID-19 ਨਾਲ ਸਭ ਤੋਂ ਵੱਡਾ ਜੋਖਮ ਵਾਲਾ ਕਾਰਨ ਉਮਰ ਹੈ। ਇਸੇ ਲਈ ਅਪ੍ਰੈਲ ਦੇ ਅੱਧ ਤੱਕ ਉੱਚ ਜੋਖਮ ਵਾਲੇ ਲਗਭਗ 400, 000 ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਟੀਕਾ ਲਗਾਇਆ ਜਾਵੇਗਾ। ਆਉਣ ਵਾਲੇ ਮਹੀਨਿਆਂ ਵਿੱਚ 5- ਸਾਲ ਦੇ ਉਮਰ ਗਰੁੱਪਾਂ ਵਿੱਚ ਲੋਕਾਂ ਨੂੰ ਟੀਕੇ ਉਪਲੱਬਧ ਕਰਵਾਏ ਜਾਣਗੇ। ਟੀਕਾਕਰਣ ਕਰਵਾਉਣਾ COVID-19 ਨੂੰ ਪਿੱਛੇ ਛੱਡਣ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਣ ਕਦਮ ਹੈ। ਅਤੇ ਕੈਨੇਡਾ ਵੱਲੋਂ ਮਨਜ਼ੂਰਸ਼ੁਦਾ ਟੀਕੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ।



ਜਾਣਕਾਰੀ ਲਈ ਜਾਓ:
gov.bc.ca/bcseniorsfirst

BRITISH COLUMBIA




ਭਜਨ ਸਿੰਘ ਨਹਾ ਧੋ ਕੇ ਪਿੰਡ ਆਪਣੀ ਰਾਜਗਿਰੀ ਕਰਨ ਚਲਾ ਗਿਆ ਤੇ ਮੈਂ ਤਿਆਰ ਹੋ ਡੀ ਏ ਵੀ ਕਾਲਜ ਜਲੰਧਰ ਪੜ੍ਹਨ ਚਲਾ ਗਿਆ। ਮੇਰੇ ਲਈ ਇਹ ਗੱਲ ਇੱਕ ਬਹੁਤ ਵੱਡਾ ਸੰਘਰਸ਼ ਜਿੱਤਣ ਵਾਂਗ ਸੀ: ਮੈਨੂੰ ਇਹ ਆਪਣੇ ਅਸੂਲ ਦੀ ਜਿੱਤ ਲੱਗੀ।-ਹਾਂ! ਮੈਂ ਇਹ ਵੀ ਦੱਸ ਦਿਆਂ ਕਿ ਪਿੰਡੋਂ ਡੀ ਏ ਵੀ ਕਾਲਜ ਜਲੰਧਰ ਪਹੁੰਚਣ ਨੂੰ ਘੱਟੋ ਘੱਟ ਦੋ ਘੰਟੇ ਦਾ ਸਮਾਂ ਲਗਦਾ ਸੀ, ਘਰੋਂ ਗੁਰਾਇਆ ਤੱਕ ਸਾਈਕਲ ਤੇ ਜਾਣਾ, ਸਾਈਕਲ ਉੱਥੇ ਛੱਡ, ਜਲੰਧਰ ਤੱਕ ਬੱਸ 'ਚ ਤੇ ਅੱਗੇ ਬੱਸ ਅੱਡੇ ਤੋਂ ਸਦਰ ਬਜ਼ਾਰ ਛਾਉਣੀ ਤੋਂ ਚਲਦੀ ਤਿੰਨ ਨੰਬਰ ਲੋਕਲ ਬੱਸ ਫੜ ਕਾਲਜ ਪਹੁੰਚੀਦਾ ਸੀ, ਸਵੇਰੇ ਨੌਂ ਵਜੇ ਮੇਰੀ ਪਹਿਲੀ ਕਲਾਸ ਸ਼ੁਰੂ ਹੁੰਦੀ ਸੀ। ਇਸੇ ਤ੍ਹਰਾਂ ਸਾਰਾ ਦਿਨ ਕਲਜ ਪੜ੍ਹਨ ਉਪਰੰਤ ਕਿਤੇ ਰਾਤ ਨੂੰ ਘਰ ਪਹੁੰਚ ਹੁੰਦਾ ਸੀ। ਮੇਰੇ ਲਈ ਇਹ ਇੱਕ ਸੰਘਰਸ਼ ਸੀ, ਕਿਸਾਨੀ ਕਰਨ ਦੇ ਨਾਲ ਨਾਲ ਮੈਂ ਵਿਦਿਆਰਥੀ ਵੀ ਸੀ। ਖੇਤ ਮਜ਼ਦੂਰਾਂ ਨੂੰ ਬਣਦੀ ਮਿਹਨਤ ਮਜ਼ਦੂਰੀ ਦੇਣ ਨੂੰ ਤਾਂਕੋਈ ਝਿਜਕ ਨਹੀਂ ਸੀ ਪਰ ਮਜਬੂਰੀ ਬੱਸ ਉਹ ਜੋ ਡੇਢੀ-ਦੁਗਣੀ ਮਿਹਨਤ ਮੰਗਦੇ ਸਨ ਉਹ ਗਲਤ ਲਗਦਾ ਸੀ। ਬਹੁਤਾ ਕੰਮ ਖੇਤੀ ਦਾ ਆਪ ਹੀ ਕਰੀਦਾ ਸੀ,ਅਤਿ ਲੋੜ ਹੋਣ ਤੇ ਹੀ ਕਾਮਿਆਂ ਤੋ ਕਰਵਾਉਣਾ ਪੈਂਦਾ ਸੀ, ਇਤਨੀ ਸਰੱਗੀ ਨਹੀਂ ਸੀ ਆਈ ਕਿ ਆਪ ਵਿਹਲੇ ਰਹਿ ਸਾਰਾ ਕੰਮ ਕਾਮਿਆਂ ਤੋ ਹੀ ਕਰਵਾਈਏ; ਭਾਵੇ ਹੁਣ ਸਾਰੀ ਜ਼ਮੀਨ ਸੇਂਜੂ ਹੋਣ ਕਾਰਨ ਫਸਲਾਂ ਚੰਗੀ ਪੈਦਾਵਾਰ ਦੇਣ ਲੱਗੀਆਂ ਸਨ ਅਤੇ ਪੈਸੇ ਵੀ ਵੱਟੇ ਜਾਣ ਲੱਗੇ ਸਨ ਪਰ ਫਿਰ ਵੀ ਕਾਮਿਆਂ ਦੇ ਬਰਾਬਰ ਨਾਲ ਡਟ ਕੇ ਕੰਮ ਕਰਨੋ ਕਦੇ ਵੀ ਨੱਕ ਨੀ ਸੀ ਵੱਟਿਆ।

ਇਸੇ ਵਰਗੀ ਇੱਕ ਹੋਰ ਘਟਨਾ ਵੀ ਦੱਸਦਾਂ, ਜਿਹੜੇ ਕਾਮੇ ਪਿੰਡੋਂ ਸਾਡੀ ਕਣਕ ਵੱਢਦੇ ਸਨ ਤੇ ਮਸ਼ੀਨ ਨਾਲ ਕੁਤਰਾਈ/ਗਹਾਈ ਕਰ ਕਰਾ ਕਣਕਦੀ ਸਾਂਭ ਸੰਭਾਲ ਅਤੇ ਤੂੜੀ ਦੇ ਕੁੱਪ ਵੀ ਬੰਨਾਉਂਦੇ ਸਨ, ਉਹ ਇੱਕ ਸਾਲ ਅੜ ਗਏ ਕਿ ਜੋ ਉਹਨਾਂ ਨੂੰ ਕਣਕ ਗਹਾਈ ਅਤੇ ਕੁੱਪ ਬੰਨ੍ਹਾਈ ਦਾ ਭਾਅ੍ਹ ਭਾਵ ਕਣਕਜ਼ ਦਿੰਦੇ ਸੀ ਉਹ ਉਸ ਤੋਂ ਵੱਧ ਮੰਗ ਕਰਨ ਲੱਗੇ ਕਿਉਂਕਿ ਉਹਨਾਂ ਨੂੰ ਪੱਕਾ ਇਲਮ ਸੀ ਕਿ ਮੈਂ ਤਾਂ ਕਾਲਜ ਪੜ੍ਹਦਾ ਹਾਂ, ਤੇ ਆਪ ਇਕੱਲਿਆਂ ਕਣਕ ਦੀ ਗਹਾਈ ਕਰ ਨਹੀਂ ਸਕਦੇ ਤੇ ਇੰਜ ਇਹਨਾਂ ਤੋਂ ਠੋਕ ਕੇ ਵੱਧ ਮਿਹਨਤ ਲਵੋ।ਮੈਨੂੰ ਲੱਗਿਆ ਕਿ ਇਹ ਮਜ਼ਬੂਰੀ ਦਾ ਫਾਇਦਾ ਉਠਾ ਨਿਰਾ ਬਲੈਕ ਮੇਲ ਕਰ ਰਹੇ ਹਨ, ਤੇ ਇਸ ਹਾਲਾਤ ਤਹਿਤ ਮਨ ਬਣਾ ਲਿਆ ਕਿ ਇਸ ਸਾਲ ਕਣਕ ਦੀ ਗਹਾਈ/ਕਤਰਾਈ ਆਪ ਹੀ ਕਰਨੀ ਹੈ ਤੇ ਕੁੱਪ ਵੀ ਆਪ ਹੀ ਬੰਨਾਂਗੇ।ਕਣਕ ਦੀ ਗਹਾਈ ਵੇਲੇ ਕੁੱਪਾਂ ਵਾਸਤੇ ਨਾਲੀ ਕੱਢਣਾ ਅਤੇ ਕੁੱਪਾਂ ਅਤੇ ਉਹਨਾਂ ਦੇ ਔਰੇਆਂ 'ਚ ਤੰਗੜਾਂ ਨਾਲ ਤੂੜੀ ਭਰਨਾ ਔਖਾ ਕੰਮ ਹੁੰਦੈ।- ਉਸ ਸਾਲ ਸਾਡੇ ਨਾਲ ਇੱਕ ਪੱਕਾ ਕਾਮਾ ਸੀ, ਜੋ ਮੇਰੇ ਮਾਮਾ ਜੀ ਯੂ ਪੀ ਤੋਂ ਲਿਆ ਸਾਡੇ ਨਾਲ ਲਾ ਗਏ ਸਨ। ਉਹ ਸੀ ਵੜਾ ਤਕੜਾ ਪਰ ਅੜਬ ਵੀ ਸੀ। ਉਸ ਦਾ ਨਾਂ ਸੀ ਭਗਵਾਨ ਦਾਸ, ਜੋ ਮਗਰੋਂ ਅਮ੍ਰਿਤ ਛਕ ਕੇ ਭਗਵਾਨ ਸਿੰਘ ਬਣ ਗਿਆ।-ਇੱਕ ਦਿਨ ਤੂੜੀ ਦੇ ਕੁੱਪਾਂ ਲਈ ਨਾਲੀ ਕੱਢਣ ਲੱਗੇ ਤਾਂ ਹੱਥਾਂ ਦੀਆਂ ਉਂਗਲੀਆਂ 'ਚ ਚੀਰੇ ਆ ਗਏ; ਮੈਂ, ਮੇਰੇ ਦੋਵੇਂ ਭਤੀਜੇ, ਮੇਰੇ ਵੱਡੇ ਭਰਾ ਦੇ ਮੁੰਡੇ ਜਿਸ ਦੀ ਕੁੱਝ ਸਾਲ ਪਹਿਲਾਂ ਮੌਤ ਹੋ ਗਈ ਸੀ; ਉਹ ਦਸ ਤੇ ਬਾਰਾਂ ਸਾਲਾਂ ਦੇ ਸਨ ਸਕੂਲ ਪੜ੍ਹਦੇ, ਤੇ ਇੱਕ ਮੇਰਾ ਭਾਣਜਾ ਉਹ ਵੀ ਨਾਨਕੇ ਆਇਆ ਹੋਇਆ ਸੀ, ਉਹ ਸੋਲਾਂ ਸਾਲ ਦਾ ਸੀ। ਸੋਚੀਂ ਪੈ ਗਏ ਕਿ ਛੇ ਸੱਤ ਕੁੱਪਾਂ ਦੀ ਨਾਲੀ ਕਿਵੇਂ ਕੱਢਾਂਗੇ? ਹੱਥਾਂ ਵਿੱਚ ਤਾਂ ਪਹਿਲੇ ਦਿਨ ਹੀ ਚੀਰੇ ਆ ਗਏ, ਹਾਲੇ ਮਸ਼ੀਨ 'ਚ ਗਾਲ੍ਹੇ ਲਾਉਣੇ ਹਨ, ਕੁੱਪ ਬੰਨਣੇ ਹਨ। ਨਾਲੀ ਕੱਢਣ ਦਾ ਕੰਮ ਕਿਵੇਂ ਕੀਤਾ ਜਾਏ ਸਮਝ ਨਾ ਆਵੇ।ਸੋਚਦਿਆਂ ਸੋਚਦਿਆਂ ਤਰਕੀਬ ਸੁੱਝੀ ਕਿ ਨਾਲੀ ਕੱਢਣ ਲਈ ਦਰੀਆਂ ਬੁਣਨ ਵਾਲੇ ਪੰਜੇ ਵਰਤੇ ਜਾਣ। ਹੱਥਾਂ ਦੇ ਪੰਜਿਆਂ ਦੀ ਥਾਂ ਜਦੋਂ ਦਰੀਆਂ ਦੇ ਪੰਜਿਆਂ ਦੀ ਵਰਤੋਂ ਕਰਨ ਲੱਗੇ ਤਾਂ ਸਾਰੇ ਕੁੱਪਾਂ ਦੀ ਨਾਲੀ ਸਹਿਜੇ ਹੀ ਅਸਾਨੀ ਨਾਲ ਕੱਢ ਲਈ। ਬੜਾ ਹੌਸਲਾ ਹੋਇਆ ਕਿ ਬਹੁਤ ਔਖਾ ਲਗਦਾ ਕੰਮ ਹੱਲ ਕਰ ਲਿਆ। ਉਪਰੰਤ ਸਾਰੀ ਕਣਕ ਪੰਜ ਹਾਰਸ ਪਾਵਰ ਦੇ ਕਿਰਲੋਸਕਰ ਇੰਜਨ ਨਾਲ ਥਰੈਸ਼ਰ ਤੇ ਪਟਾ ਚਾੜ੍ਹ ਆਪ ਹੀ ਗਾਲ੍ਹੇ ਲਾ ਗਾਹ ਲਈ ਤੇ ਸਾਰੇ ਹੀ ਤੂੜੀ ਦੇ ਕੁੱਪ ਵੀ ਆਪ ਹੀ ਬੰਨ ਲਏ। ਭਗਵਾਨ ਦਾਸ ਤੰਗੜਾਂ 'ਚ ਬੰਨੀ ਤੂੜੀ ਕੁੱਪਾਂ 'ਚ ਸੁੱਟਦਾ ਰਿਹਾ, ਅਸੀਂ ਤੰਗੜਾਂ 'ਚ ਤੂੜੀ ਭਰ ਭਰ ਤੰਗੜ ਬੰਨਦੇ ਅਤੇ ਚੁਕਾਈ ਗਏ। ਇੱਕ ਜਣਾ ਕੁੱਪ ਦੁਆਲੇ ਲਿਪਟ ਰਹੀ ਬੇੜ ਮੋਢੇ ਤੇ ਧਰ ਖਿਚ ਪਾ ਕੇ ਹੌਲੀ ਹੌਲੀ ਅੱਗੇ ਅੱਗੇ ਤੁਰੀ ਗਿਆ ਤੇ ਸਵਰਨਾ, ਜੋ ਕੁੱਪ ਬੰਨਣ ਦਾ ਕਾਰੀਗਰ ਸੀ, ਇੱਕ ਪੀਪਾ ਦਾਣਿਆਂ ਦਾ ਪ੍ਰਤੀ ਕੁੱਪ ਬੰਨਣ ਦਾ ਲੈਂਦਾ ਸੀ, ਤੇ ਸੀ ਵੀ ਵੜਾ ਲੰਬਾ ਜੁਆਨ, ਤੀਸਰਾ ਹਿੱਸਾ ਕੁੱਪ ਦੀਆਂ ਬੇੜਾਂ ਤਾਂ ਰੱਸੀਆਂ ਨਾਲ ਥੱਲੇ ਖੜਾ ਹੀ ਬਿਨਾ ਪੌੜੀਉਂ ਬੰਨ ਦਿੰਦਾ ਸੀ।ਉਸ ਸਾਡੇ ਛੇ ਕੁੱਪ ਤੂੜੀ ਦੇ ਬੰਨੇ ਤੇ ਛੇ ਪੀਪੇ ਕਣਕ ਦੇ ਉਸ ਨੂੰ ਦਿੱਤੇ, ਇੱਕ ਪੀਪੇ 'ਚ ਪੰਦਰਾਂ ਕੁ ਕਿੱਲੋ ਕਣਕ ਪੈਂਦੀ ਸੀ। ਸਾਰੀ ਕਣਕ ਦੀ ਗਹਾਈ ਦਾ ਕੰਮ ਮੀਂਹ ਕਿਣੀ ਤੋ ਪਹਿਲਾਂ ਸੁੱਕਪਕੇ ਹੀ ਨਜਿੱਠ ਲਿਆ।ਇਸਤੋਂ ਬਾਅਦ ਸਾਡੇ ਨਾਲ ਕੰਮ ਕਰਵਉਣ ਵਾਲਿਆਂ ਮੁੜ ਕਦੇ ਅਜਿਹਾ ਮਜ਼ਬੂਰੀ ਦਾ ਫਾਇਦਾ ਉਠਾਉਣ ਦਾ ਵਤੀਰਾ ਨਹੀਂ ਅਪਣਾਇਆ। ਬਣਦੀ ਯੋਗ ਮਿਹਨਤ ਲੈਣ ਦੀ ਮੰਗ ਤਾਂ ਹੁੰਦੀ ਰਹੀ ਜੋ ਪੂਰੀ ਵੀ ਕਰਦੇ ਰਹੇ: ਉਸ ਕਾਮੇ ਟੱਬਰ ਦੇ ਪਰਿਵਾਰ 'ਚੋਂ ਉਹਨਾਂ ਦੀਆਂ ਅਗਲੀਆਂ ਪੀੜੀਆਂ ਹਾਲੇ ਵੀ ਸਾਡੇ ਨਾਲ ਅੜਦੇ-ਥੁੜਦੇ ਕੰਮ ਕਰਵਾ ਦਿੰਦੇ ਹਨ।ਮੈਂ ਜਦੋਂ ਵੀ ਪੰਜਾਬ ਦਾ ਗੇੜਾ ਲਾਉਨਾ, ਉਹਨਾਂ ਨਾਲ ਪੁਸ਼ਤਾਂ ਦੇ ਬਣੇ ਸਬੰਧ ਸਨਮੁੱਖ ਉਹਨਾਂ ਦਾ ਬਣਦਾ ਮਾਣ ਸਤਿਕਾਰ ਕਰਕੇ ਆਉਨਾ।ਹੁਣ ਸਥਾਨਕ ਕਾਮਿਆਂ ਦਾ ਥਾਂ ਯੂ ਪੀ ਅਤੇ ਬਿਹਾਰ ਤੋਂ ਆਏ ਕਾਮਿਆਂ ਨੇ ਲੈ ਲਿਆ ਹੈ।ਹੁਣ ਸਾਡੇ ਦੋ ਬਿਹਾਰ ਤੋਂ ਪੱਕੇ ਕਾਮੇ ਰਾਮੂੰ ਤੇ ਚਰੰਜੀਤਕਰੀਬਨ ਪਿਛਲੇ ਵੀਹ ਸਾਲ ਤੋਂ ਸਾਲਾਨਾ ਤਨਖਾਹ ਤੇ ਖੇਤੀ ਕਰਵਾਉਂਦੇ ਹਨ। ਪੰਜਾਬ 'ਚ ਸਾਡੀ ਜੱਦੀ ਜ਼ਮੀਨ 'ਚ ਮੇਰਾ ਭਤੀਜਾ ਖੇਤੀ ਕਰਦਾ ਹੈ, ਉਹ ਵੀ ਹੁਣ ਪੁੱਤਾਂ ਪੋਤਿਆਂ ਵਾਲਾ ਹੈ; ਉਸ ਦਾ ਪੋਤਾ ਚੌਧਵੀਂ ਪੀੜੀ ਹੈ। ਮੇਰੇ ਬਾਪੂ ਜੀ ਨੂੰ ਆਪਣੇ ਨੌਂ ਪੀੜੀਆਂ ਦੇ ਵਡੇਰਿਆਂ ਦੇ ਨਾਵਾਂ ਦਾ ਪਤਾ ਸੀ ਤੇ ਦਸਵੀ ਪੀੜ੍ਹੀ ਉਹ ਸਨ।ਜੱਦੀ ਜ਼ਮੀਨ ਦੀ ਮਾਲਕੀ ਪੁਸ਼ਤ ਦਰ ਪੁਸ਼ਤ ਵਰਕਰਾਰ ਹੈ, ਅੱਜ ਤੱਕ ਅਸੀਂ ਵਾਹੀ ਯੋਗ ਜ਼ਮੀਨ ਦਾ ਇੱਕ ਮਰਲਾ ਤੱਕ ਨਹੀਂ ਵੇਚਿਆ ਅਤੇ ਨਾ ਹੀ ਵੰਡਿਆ।-ਹਾਂ!ਉਹਢੇ ਦਹਾਕੇ ਪੁਰਾਣਾ ਪੰਜ ਹਾਰਸ ਪਾਵਰ ਦਾ ਕਿਰਲੋਸਕਰ ਇੰਜਨ ਹਾਲੇ ਵੀ ਦੁਧਾਰੂ ਪਸ਼ੂਆਂ ਦੇ ਪੱਠੇ ਕੁਤਰਨ ਵਾਲੀ ਮਸ਼ੀਨ ਨੂੰ ਚਲਾਉਣ ਲਈ ਕੰਮ ਦਿੰਦਾ ਹੈ।

ਹੁਣ ਤੱਕ ਇਸ ਲੇਖ ਵਿੱਚ, ਸਮੇਤ ਉੱਪਰ ਦੱਸੀਆਂ ਹੱਡ ਬੀਤੀਆਂ ਸਣੇ, ਆਮ ਰੋਜ਼ ਹੁੰਦੇ ਕਿਸਾਨ ਮਜ਼ਦੂਰ ਦੇ ਸੰਘਰਸ਼ ਦੀ ਦਾਸਤਾਨ ਹੀ ਬਿਆਨ ਹੁੰਦੀ ਹੈ: ਅੱਜ ਨਾ ਕਿਸਾਨ ਸੁਖੀ ਹੈ ਅਤੇ ਨਾ ਹੀ ਮਜ਼ਦੂਰ, ਖੇਤੀ ਦੇ ਖਰਚੇ ਇਤਨੇ ਅਸਮਾਨੀ ਚੜ੍ਹ ਗਏ ਹਨ ਕਿ ਫਸਲ ਆਉਣ ਤੇ ਕਿਸ਼ਤ ਹੀ ਮਸਾਂ ਮੁੜਦੀ ਹੈ, ਤੇ ਅਗਲੀ ਫਸਲ ਲਈ ਮੁੜ ਬੈਂਕਾਂ ਤੋਂ ਕਰਜੇਚੁੱਕਣੇ ਪੈਂਦੇ ਹਨ।ਜਦ ਤੋਂ ਬੈਂਕਾਂ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਆਮ ਅਤੇ ਸਹਿਜੇ ਹੀ ਕਰਜੇਮੁਹੱਈਆ ਕਰਵਾਉਣ ਦੀ ਪਿਰਤ ਪਾਈ ਹੈ ਤਦ ਤੋਂ ਹੀ ਕਿਸਾਨ ਮਜ਼ਦੂਰ ਕਰਜ਼ਿਆਂ ਦੀ ਦਲਦਲ 'ਚ ਧਸਦੇ ਗਏ ਹਨ। ਇਸ ਦਾ ਖੁੱਲ ਕੇ ਫ਼ਾਇਦਾ ਤੇ ਮੁਨਾਫਾ ਬੈਂਕਾਂ ਨੇ ਹੀ ਖੱਟਿਆ ਹੈ; ਕਿਸਾਨ ਮਜ਼ਦੂਰ ਦੇ ਹਿੱਸੇ ਤਾਂ ਕਰਜ਼ੇ ਨਾ ਮੋੜ ਸਕਣ ਦੇ ਸਨਮੁਖ ਖੁਦਕਸ਼ੀਆਂ ਹੀ ਪੱਲੇ ਪਈਆਂ ਹਨ। ਇਹ ਹਾਲਾਤ ਦਿਨੋਂ ਦਿਨ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ।ਮੋਦੀ ਸਰਕਾਰ ਨੇ ਕਿਸਾਨਾਂ ਨੂੰ ਜੜ੍ਹੋਂ ਹਿਲਾ ਦੇਣ ਵਾਲੇ ਜਿਹੜੇ ਨਵੇਂ ਕਿਸਾਨ ਮਾਰੂ ਕਾਨੂੰਨ ਪਾਸ ਕੀਤੇ ਹਨ, ਇਸ ਨੇ ਕਿਸਾਨ ਮਜ਼ਦੂਰ ਸੰਘਰਸ਼ ਨੂੰ ਓਵਰ ਡਰਾਈਵ 'ਚ ਪਾ ਦਿੱਤਾ ਹੈ, ਇਹ ਕਿਸਾਨੀ ਦੀ ਹੋਂਦ ਦਾ ਮਸਲਾਹੈ, ਇਸੇ ਕਰਕੇ ਸਾਰੇ ਭਾਰਤ ਵਿੱਚ ਇਹ ਸੰਘਰਸ਼ ਦਿਨੋ ਦਿਨ ਜ਼ੋਰ ਫੜ ਰਿਹਾ ਹੈ। ਜੇ ਕਿਸਾਨ ਕਾਲੇ ਕਾਨੂੰਨਾਂ ਨੂੰ ਵਾਪਸ ਕਰਵਾਓਣ 'ਚ ਸਫਲ ਹੁੰਦੇ ਹਨ, ਤਦ ਤਾਂ ਛੋਟੇ ਤੇ ਦਰਮਿਆਨੇ ਕਿਸਾਨ ਬਚ ਜਾਣਗੇ ਨਹੀਂ ਤਾਂ ਥੋਕ ਦੇ ਭਾਅ ਪੁਸ਼ਤ ਦਰ ਪੁਸ਼ਤ ਖੇਤੀ ਦੇ ਕਿੱਤੇ ਨੂੰ ਅੱਗੇ ਤੋਂ ਅੱਗੇ ਤੋਰੀ ਆ ਰਹੇ ਕਿਸਾਨ, ਕਾਰਪੋਰੇਟ ਖੇਤੀ ਕਾਰਖਾਨਿਆਂ 'ਚ ਮਜ਼ਦੂਰ ਬਣ ਕੇ ਹੀ ਰਹਿ ਜਾਣਗੇ।



# Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca



Rajan MANGOES
ARE HERE!
available only at
fruiticana
SINCE 1994
LOWEST PRICES IN TOWN
Extra Extra Super Special
RAJAN MANGOES
ਰਾਜਨ ਹੇਡਨ ਅੰਬ (HADEN) 4 kg
$10.98 BOX
*Number of pieces depends on the weight
Indian Eggplants
ਦੇਸੀ ਬਤਾਊਂ
$1.49 lb
Green Cabbage
ਹਰੀ ਬੰਦ ਗੋਭੀ
49¢ lb
Daikon
ਮੂਲੀ
88¢ lb
Spinach
ਪਾਲਕ
2 bunches for $1.59
Opo Squash
ਓਪੋ ਕੱਦੂ
79¢ lb
Fresh Methi
ਤਾਜ਼ਾ ਮੇਥੀ
$1.49 bunch
Almonds
ਬਦਾਮ
$3.98 lb
Britannia Punjabi Biscuits 620 g
ਬ੍ਰਿਟੈਨੀਆ ਪੰਜਾਬੀ ਬਿਸਕੁਟ
$3.49 pkg.
Extra Super Super Special
Fresh Ginger
ਤਾਜ਼ਾ ਅਦਰਕ
99¢ lb
Extra Super Super Special
Cilantro
ਧਨੀਆ
3 bunches for 99¢
Super Special
Round Tomatoes
ਗੋਲ ਟਮਾਟਰ
68¢ lb
Super Special
Yellow Onions 50 lbs
ਪੀਲੇ ਗੰਢੇ
$8.99 bag
Super Special
Long Eggplants
ਲੰਬੇ ਬਤਾਊਂ
99¢ lb
Super Special
Red Onions 25 lbs
ਲਾਲ ਗੰਢੇ
$8.99 bag
Super Special
Roma Tomatoes
ਟਮਾਟਰ ਰੋਮਾ
78¢ lb
Super Special
Indican Punjabi Cane White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$3.99 bag
Reg. Large Eggplants
ਵੱਡੇ ਬਤਾਊਂ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
88¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb
Gala Apples USA #1
ਗਾਲਾ ਸੇਬ ਯੂ.ਐਸ.ਏ #੧
98¢ lb
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50
Green Beans
ਹਰੀਆਂ ਫਲੀਆਂ
$1.49 lb
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.49 bag
Green Cardamom (Elaichi) IBG
ਹਰੀ ਇਲਾਇਚੀ (ਆਈ.ਬੀ.ਜੀ)
$26.99 lb
Bhogpur Moti Cane Sugar 100% Vegetarian15 lbs
ਭੋਗਪੁਰ ਮੋਟੀ ੧੦੦% ਵੇਜੀਟੇਰੀਅਨ ਗੰਨੇ ਦੀ ਖੰਡ
$8.98 bag
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Indican Brown Sugar 8 lbs
ਇੰਡੀਕੇਨ ਭੂਰੀ ਖੰਡ
$4.98 bag
KTC Pomace Olive Oil 3L
ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ
$9.98 ea.
Product images may differ from the actual product.
Thur Mar 11, 2021 - Wed Mar 17, 2021
We reserve the right to limit the quantities while they last
fruiticana
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 8 PM
7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520